



# ਇਸ ਅੰਕ ਵਿੱਚ

ਕਹਾਣੀਆਂ:-

1. ਟੁੱਟੀਆਂ ਕਲੀਆਂ ਮੁਰਝਾਏ ਬੂਟੇ (ਮੋਗਾ ਦੁਖਾਂਤ ਦੇ ਸ਼ਹੀਦਾਂ ਦੇ ਨਾਂ)
2. ਅਧੂਰੀ ਖ਼ਬਰ (ਕ੍ਰਿਸ਼ਨ ਸਰਸ਼ਾਰ)
3. ਪੈਗਾਮ (ਬੂਟਾ ਸਿੰਘ)
4. ਆਂਦਰਾਂ (ਅਜੀਤ ਕੌਰ)
5. ਉਪਾਅ ('ਦਰਦ' ਪਟਿਆਲਾ 'ਵੀ')
6. ਰਾਜ਼ (ਰਾਜ)

ਕਵਿਤਾਵਾਂ:-

1. ਭਾਰਤ: ਪਾਸ਼, ਸ਼ਮਸ਼ੇਰ ਸਿੰਘ ਸੰਧੂ,
ਸਰਵਣ ਰਾਹੀ, ਸੀ. ਮਾਰਕੰਡਾ
ਖੁਸ਼ਵੰਤ ਕੰਵਲ, ਰਵਿੰਦਰ ਧੀਰ
2. ਕੈਨੇਡਾ: ਅਸੀਮ ਪ੍ਰੀਤ, ਰਮੇਸ਼ ਸਫ਼ਰੀ,
ਸਾਧੂ, ਰਣਜੀਤ ਰਿੰਗਰਾ ਤੇ ਗੁਮ

1. ਰਿੱਪਤਾਂ (ਕਪੂਰ ਸਿੰਘ ਘੁੰਮਣ)
2. ਆਰ ਚਾਨਣ ਪਾਰ ਚਾਨਣ (ਜੀਵਨੀ) - ਗਿੱਲ ਮੋਰਾਂਵਾਲੀ
3. ਘੱਟਗਿਣਤੀਵਾਦ (ਲੇਖ) - ਉੱਜਲ ਦੋਸਾਂਝ

ਵਤਨੋਂ ਦੂਰ ਦੇ
ਸਥਾਈ ਕਾਲਮ:

1. ਸਾਜ਼ ਅਤੇ ਆਵਾਜ਼:- ਕਣਕ ਦੀ ਪੱਲੀ
ਯੂਸਫ਼ ਆਜ਼ਾਦ ਕਵਾਲ
2. ਸੰਜੀਵਨੀ ਬੂਟੀ:- ਮਹਿਆ ਫ਼ਕੀਰ ਨੇ ਲੱਖ ਦਾ
(ਹਿੰਦੀ ਕਹਾਣੀ: ਵਿਨਾਇਕ)
3. ਟੱਟੀਪੋਰ:- ਵੈਨਕੋਵਰ ਦੀ ਗੁਰਦੁਆਰਾ
ਕਮੇਟੀਆਂ ਦੀ ਚੋਣ ਬਾਰੇ ਟੱਟੀਪੋਰ
ਤੇ ਸਿਧਰੇ ਦੀ ਗੁਫ਼ਤਗੂ
4. ਇਸ ਅੰਕ ਦਾ ਨਾਵਲ: ਵਾਟ ਹਮਾਰੀ
(ਡਾ: ਦਲੀਪ ਕੌਰ ਟਿਵਾਣਾ)



LITERARY & CULTURAL MONTHLY OF PANJABI

**THE WATNO DŪR**

Post Box No. 1041 Coquitlam, B.C., Canada

# EAST-WEST QUALITY-WEAR



1290-E.12 (AT KNIGHT)
VANCOUVER, B.C.
(PHONE: 876-7901)

&

7220-MAIN (AT 57th AV.)
VANCOUVER, B.C.
(PHONE: 325-5414)

We are on the top for latest designs, Color and Quality in all types of fabrics, for Sarees & Suits, Salwar-Qamiz, Shirts, Sweeters, Children Wears, Turbans and many more.

DIRECT IMPORTER-EXPORTER, RETAILER & WHOLESALER FROM INDIA, ENGLAND, JAPAN, HONGKONG, TAIWAN, KOREA & OFFICES IN MANY PARTS OF THE WORLD.

*We specialize in everything we sell*

RESIDENT REPRESENTATIVE IN CANADA:

**M. S. LAIL**

ਦਾਜ, ਵਰੀ ਤੇ ਪਹਿਨਣ ਲਈ ਨਵੀਂ ਤਰ੍ਹਾਂ ਦੇ; ਖ਼ੂਬਸੂਰਤ ਸੂਟ, ਸਾੜ੍ਹੀਆਂ, ਸ਼ਰਟਾਂ, ਸਵੈਟਰ, ਪੱਗਾਂ
ਤੇ ਬੱਚਿਆਂ ਦੇ ਕੱਪੜਾ ਆਦਿ ਖਰੀਦਣ ਸਮੇਂ ਮਿਲਣ ਦੇ ਸਟੋਰਾਂ ਦਾ ਨਾਂ ਯਾਦ ਰੱਖੋ!
ਜਿੰਨਾਂ ਦਾ ਕੇਵਲ ਨਾਅਰਾ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿੱਚ
ਜਿੰਨਾਂ ਤੋਂ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲਦਾ।
ਹਰ ਤਰ੍ਹਾਂ ਨਵੇਂ ਰੰਗ ਤੇ ਡੀਜ਼ਾਈਨ, ਖੁੱਲ੍ਹਾ-ਡੁੱਲ੍ਹਾ ਕੱਪੜਾ; ਪਰਖਣ ਤੇ ਠੀਕ

---

ਜੇ ਤੁਸੀਂ ਕਿਸੇ ਪ੍ਰਕਾਰ ਦੀ ਜਾਇਦਾਦ
ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ ਤਾਂ

## ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

ਫ਼ੋਨ:
879-7571, 524-9848, MOBILE 38



MELTON REAL ESTATE (B.C.) LTD.

FORMERLY A.E. AUSTIN & CO. LTD.

HARPAL TOOR

ਹਰਪਾਲ ਤੂਰ

1435 KINGSWAY
VANCOUVER 12, B. C

OFF. 879-7571
RES. 524-9848

*B. C.'s First Computerized Real Estate Service*

---

# ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

Off. 874-9429

Res. 942-5169

## *Century Travel Service*

Lowest fares to India, Pakistan, Fiji,
Middle East, Europe and All over
The World

204 - 3310 Fraser St.
Vancouver, B. C., Canada
V5V 4C1

Gursharn Sandhu

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ,
ਪਾਕਿਸਤਾਨ, ਫੀਜੀ, ਮੱਧ-ਪੂਰਬ, ਯੂਰਪ ਅਤੇ ਸਾਰੇ
ਸੰਸਾਰ ਦੀ ਯਾਤਰਾ ਕਰਵਾਉਣ ਦਾ ਵਾਅਦਾ ਕਰਦੇ ਹਾਂ।

TELEPHONE:
ਟੈਲੀਫ਼ੋਨ:
874 - 5403

LITERARY & CULTURAL
MONTHLY OF PANJABI

# THE WATNO DŪR

Post Box No. 1041
Coquitlam, B.C., Canada

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ
ਅਤੇ ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

ਪੋਸਟ ਬਾਕਸ ਨੰ: 1041
ਕੋਕੁਇਟਲਮ, ਬੀ. ਸੀ., ਕੈਨੇਡਾ।

SECOND CLASS MAIL
REGISTRATION NO. 3233

ਸੰਪਾਦਕ:
ਸੁਰਿੰਦਰ ਧੰਜਲ
ਸਹਾਇਕ ਸੰਪਾਦਕ: ਭੂਪਿੰਦਰ ਧਾਲੀਵਾਲ
ਮੈਨੇਜਿੰਗ ਐਡੀਟਰ: ਚਰਨਜੀਤ ਸਿੱਧੂ
ਐਡਵਰਟਾਈਜ਼ਿੰਗ ਐਡੀਟਰ: ਵਿਲਜੀਤ ਤੂਰ
ਆਰਟ ਐਡੀਟਰ: ਨਿਰਮਲ ਧਾਲੀਵਾਲ
ਸਰਕੂਲੇਸ਼ਨ ਐਡੀਟਰ: ਜਸਵਿੰਦਰ ਰੰਗੂ

ਸਾਲਾਨਾ ਚੰਦਾ:
ਕੈਨੇਡਾ-ਅਮਰੀਕਾ : ਛੇ ਡਾਲਰ
ਇੰਗਲੈਂਡ : ਤਿੰਨ ਪੌਂਡ

VOLUME: II
NUMBER: 8
PRICE: 50¢
FEBRUARY 74

PUBLISHER:
TARA SINGH HAYER
6626-124A STREET
SURREY, B.C.

## ਐਡੀਟੋਰੀਅਲ:

ਦ ਵਿ ਫੇ
ਗੁ ਲਾ ਬ

ਜਨਵਰੀ 1974 ਦਾ ਵਿਸ਼ੇਸ਼ ਅੰਕ ਪ੍ਰੈੱਸ ਦੀ ਅਣਹੋਂਦ ਆਦਿਕ ਕੁਝ ਮਜਬੂਰੀਆਂ ਕਾਰਨ ਪਾਠਕਾਂ ਦੇ ਹੱਥਾਂ ਵਿੱਚ ਲੇਟ ਪੁੱਜਿਆ, ਅਸੀਂ ਖਿਮਾਂ ਮੰਗਦੇ ਹਾਂ।

ਇਸ ਦੇਰੀ ਕਾਰਨ 'ਵਤਨੋਂ ਦੂਰ' ਦੀ ਸੁਹਿਰਦਤਾ ਬਾਰੇ ਕੁਝ ਸ਼ੰਕੇ ਖੜੇ ਹੋਗਏ। ਪਰੰਤੂ ਆਪਣੇ ਲੇਖਕਾਂ, ਪਾਠਕਾਂ ਤੇ ਆਲੋਚਕਾਂ ਦੇ ਸਹਿਯੋਗ ਵਿੱਚ ਸਾਡਾ ਵਿਸ਼ਵਾਸ਼ 'ਵਤਨੋਂ ਦੂਰ' ਦੀ ਲੰਬੀ ਉਮਰ ਦਾ ਪ੍ਰਤੀਕ ਹੈ।

ਸੰਤੋਖ ਸਿੰਘ ਧੀਰ ਦੇ ਸ਼ਬਦਾਂ ਵਿੱਚ:

ਛਟਦੀ ਹੀ ਜਾ ਰਹੀ ਏ, ਮੱਸਿਆ ਦੀ ਰਾਤ ਕਾਲੀ
ਸਿਨ੍ਹੇ ਨੇ ਤੀਰ ਲੱਖਾਂ, ਰਲ ਕੇ ਸਿਤਾਰਿਆਂ ਨੇ।
ਟਹਿਕੇ ਗੁਲਾਬ ਵਾਂਗੂੰ ਖਿੜ ਖਿੜ ਕੇ ਸੂਹੇ ਚੇਹਰੇ,
ਸਾਨੂੰ ਸਿਖਾਇਆ ਸਾਥੀ, ਤਪਦੇ ਅੰਗਾਰਿਆਂ ਨੇ।

– ਸੁਰਿੰਦਰ ਧੰਜਲ

## ਐਡੀਟੋਰੀਅਲ ਨੋਟ:

ਛੱਬੀ ਜਨਵਰੀ ਦੀ ਸ਼ਾਮ:

ਪੁੱਤਰ – ਬਾਪੂ! ਤੇਰੇ ਜਲਾਏ ਚਿਰਾਗ ਦੇ ਧੂੰਏਂ ਨਾਲ ਦੇਸ-ਭਗਤਾਂ ਦੀ ਫੋਟੋ ਤੇ ਕਾਲਖ ਜੰਮ ਗਈ ਹੈ।

ਬਾਪ – ਪੁੱਤਰ! ਇੰਨਾਂ ਦੀ ਜਾਣ ਕਿਵੇਂ ਰੁਸ਼ਨਾਵਾਂ; ਬਿਜਲੀ ਤਾਂ ਹੈ ਨਹੀਂ!

(ਭੂਪਿੰਦਰ ਧਾਲੀਵਾਲ)

{ਮਾਸਕ-ਪੱਤਰ 'ਮਾਂ' ਜਲੰਧਰ
ਨਵੰਬਰ'73 ਵਿੱਚੋਂ }

# ਟੁਟੀਆਂ ਕਲੀਆਂ ਮੁਰਝਾਏ ਬੂਟੇ

( ਮੋਗਾ ਦੁਖਾਂਤ 'ਚ ਹੋਏ ਸ਼ਹੀਦਾਂ ਨੂੰ ਸਮਰਪਿਤ)

ਰਮੇਸ਼ ਨੇ ਬੂਹਾ ਖੋਲਿਆ। ਸਾਹਮਣੇ ਕੰਧ ਦੇ ਨਾਲ ਗੁਰਦੀਪ ਦੀ ਰੰਗੀਨ ਫੋਟੋ ਮੁਸਕਰਾ ਰਹੀ ਸੀ। ਉਸ ਦੀਆਂ ਅੱਖਾਂ 'ਚੋਂ ਅਥਰੂ ਵਗ ਪਏ, (ਦਿਲ ਗਮਾਂ ਨਾਲ ਘਿਰ ਆਇਆ। ਕਿਤਾਬਾਂ ਇਕ ਪਾਸੇ ਸੁੱਟ ਬਹਿ ਗਿਆ। ਪਿਛਲੀਆਂ ਯਾਦਾਂ ਦਿਮਾਗ 'ਚ ਉਤਰ ਆਇਆ : ਅਜ ਤੋਂ ਸਾਲ ਪਹਿਲਾਂ ਇਸੇ ਦਿਨ ਦੀਆਂ। ਪਰ ਅੱਜ ਤਾਂ ਉਸ ਗੱਲ ਨੂੰ ਸਾਲ ਬੀਤ ਗਿਆ, ਗਲ ਅਜੇ ਉਸਦੇ ਸਾਹਮਣੇ ਜਿਉਂ ਦੀ ਤਿਉਂ ਸੀ।

ਉਹ ਤੇ ਗੁਰਦੀਪ ਬੈਠੇ ਸਨ, ਗੱਪਾਂ ਪਏ ਮਾਰਦੇ ਸਨ ਇਧਰ ਉਧਰ ਦੀਆਂ। ਦੋਵੇਂ ਕਾਲਜ 'ਚ ਬੀ. ਏ. ਦੇ ਦੂਸਰੇ ਸਾਲ ਦੇ ਵਿਦਿਆਰਥੀ ਸਨ ਤੇ ਪਿੰਡ ਦੂਰ ਦੂਰ ਹੋਣ ਕਰਕੇ ਇਥੇ ਹੋਸਟਲ 'ਚ ਰਹਿੰਦੇ ਸਨ। ਨਾਲੋਂ ਨਾਲ ਕਮਰੇ ਹੋਣ ਕਰਕੇ ਉਹਨਾਂ ਦੀ ਯਾਰੀ ਪੈ ਗਈ।

"ਰਮੇਸ਼ ਯਾਰ ਅੱਜ ਘਰੋਂ ਚਿੱਠੀ ਆਈ ਐ ਪਈ ਮੱਝਾਂ ਦੋਵੇਂ ਸੂ ਪਈਆਂ। ਜੇ ਛੁੱਟੀਆਂ ਹੋਣ ਤਾਂ ਆ ਕੇ ਦੁੱਧ ਚਾਰ ਦਿਨ ਪੀ ਜਾ ਤੇ ਨਾਲੇ ਘਿਓ ਲੈ ਜਾ। ਨਾਲ ਆਪਣੇ ਯਾਰ ਨੂੰ ਵੀ ਲੈ ਆਵੀ।"

"ਯਾਰ ਵਾਲੀ ਗੱਲ ਤਾਂ ਤੂੰ ਕੋਲੋਂ ਹੀ ਲਾਈ ਐ।"

"ਪਈ ਜੇ ਤੂੰ ਚਲੇਂਗਾ ਤਾਂ ਆਪਾਂ ਵੀ ਜਾਣਾ, ਨਹੀਂ ਤੇ ਅਸਾਂ ਵੀ ਇਥੇ ਹੀ ਰਹਾਂਗੇ।"

"ਅਸੀਂ ਵੀ ਚਲ ਪਵਾਂਗੇ। ਸਾਨੂੰ ਕਿਹੜਾ ਦੁੱਧ ਮਾੜਾ ਲੱਗਣ ਲੱਗਾ।" ਰਮੇਸ਼ ਨੇ ਕਿਹਾ। ਯਾਰ ਦੀ ਗਲ ਉਸ ਲਈ ਮੋੜਨੀ ਔਖੀ ਸੀ।

"ਅਜ ਈ ਨਾ ਚਲੀਏ ਫਿਰ। ਕਲ ਤੇ ਪਰਸੋਂ ਦੀ ਛੁੱਟੀ ਹੈ ਈ। ਚੋਥੇ ਨੂੰ ਆ ਜਾਵਾਂਗੇ ਕਾਲਜ ਦੇ ਵੇਲੇ।"

"ਠੀਕ ਆ।"

"ਬਾਜ਼ਾਰ ਹੋ ਆਈਏ ਜਰਾ ਕੁ ਫਿਰ।"

"ਬਾਜ਼ਾਰ ਕੀ ਕਰਨਾ।"

"ਘਰ ਨੂੰ ਯਾਰ ਕੁਝ ਖਾਣ ਪੀਣ ਆਲੀ ਚੀਜ਼ ਲੈ ਚਲਦੇ ਆਂ ਨਿਆਣਿਆਂ ਲਈ। ਨਾਲੇ ਛੋਟੀ ਭੈਣ ਲਈ ਚੁੰਨੀ ਖੜਨੀ ਏ ਤੇ ਬਿੱਟੂ ਵਾਸਤੇ ਬੂਟ।"

"ਚਾਹ ਦਾ ਪਿਆਲਾ ਪਿਆਲਾ ਪੀ ਕੇ ਚਲਦੇ ਆਂ।" ਤੇ ਰਮੇਸ਼ ਸਟੋਵ ਦੁਆਲੇ ਹੋ ਗਿਆ।"

ਬਾਹਰ ਰੌਲਾ ਸੁਣਾਈ ਦਿਤਾ।

"ਆਹ ਕੀ ਖੱਪ ਪਈ ਐ ਬਾਹਰ।"

"ਮੁੰਡੇ ਹੋਣੇ ਆਪੋ ਵਿਚੀ ਲੱਗੇ।" ਰਮੇਸ਼ ਨੇ ਕਿਹਾ।

ਅਜੇ ਰਮੇਸ਼ ਨੇ ਚਾਹ ਲਈ ਪਾਣੀ ਤੱਤਾ ਰੱਖਿਆ ਹੀ ਸੀ ਕਿ ਬਾਹਰ ਗੋਲੀਆਂ ਚਲਣ ਲੱਗ ਪਈਆਂ। ਗੁਰਦੀਪ ਉਠ ਕੇ ਦੌੜ ਪਿਆ। ਪਾਣੀ ਉਂਜ ਈ ਸਟੋਵ ਤੇ ਛਡ ਰਮੇਸ਼ ਵੀ ਬਾਹਰ ਤੁਰ ਪਿਆ।

ਗੋਲੀ ਚਲ ਰਹੀ ਸੀ ਨਿਹੱਥੇ ਕਾਲਜ ਦੇ ਮੁੰਡੇ ਮਰਦੇ ਜਾ ਰਹੇ ਸਨ। ਪੁਲੀਸ ਕਾੜ ਕਾੜ ਕਰਦੀ ਬੇਧੜਕ ਹੋ ਕੇ ਗੋਲੀਆਂ ਚਲਾ ਰਹੀ ਸੀ।

ਇਕ ਗੋਲੀ ਗੁਰਦੀਪ ਦੀ ਛਾਤੀ 'ਚ ਆ ਲੱਗੀ। ਧੜਮ ਕਰਦਾ ਉਹ ਡਿੱਗ ਪਿਆ। ਲਹੂ ਨਾਲ ਧਰਤੀ ਰੰਗੀ ਜਾਣ ਲੱਗ ਪਈ।

ਰਮੇਸ਼ ਅਗਾਂਹ ਗੁਰਦੀਪ ਨੂੰ ਚੁੱਕਣ ਲਈ ਵਧਿਆ। ਗੋਲੀ ਉਸ ਦੀ ਬਾਂਹ 'ਚ ਆ ਲਗੀ। ਉਹ ਵੀ ਡਿਗ ਪਿਆ। ਹੋਰ ਕਈ ਉਥੇ ਡਿਗ ਰਹੇ ਸਨ। ਮੋਗੇ ਦੀ ਧਰਤੀ ਖੂਨ ਨਾਲ ਨਹਾ ਰਹੀ ਸੀ।

ਬੇਹੋਸ਼ ਰਮੇਸ਼ ਨੂੰ ਪਤਾ ਨਾ ਲਗਾ, ਹੋਰ ਕਿੰਨਾ ਚਿਰ ਗੋਲੀ ਚਲਦੀ ਰਹੀ।

ਫਿਰ ਇਕ ਯਾਦ ਉਸ ਦੇ ਦਿਮਾਗ 'ਚ ਉਭਰੀ।

ਹਸਪਤਾਲ ਦੇ ਇਕ ਕਮਰੇ 'ਚ ਉਹ ਪਿਆ ਸੀ। ਉਸ ਦੀ ਸੱਜੀ ਬਾਂਹ ਅਰਕੋਂ ਉਪਰੋਂ ਕਰਕੇ ਕੱਟ ਦਿਤੀ ਗਈ ਸੀ। ਮਾਂ, ਪਿਓ, ਭੈਣ, ਭਰਾ ਸਭ ਲਾਗੇ ਬੈਠੇ ਸਨ। ਸਭ ਦੀਆਂ ਅੱਖਾਂ 'ਚ ਹੰਝੂ ਸਨ। ਡੋਰ ਭੋਰੇ ਹੋਏ ਉਸ ਨੇ ਗੁਰਦੀਪ ਬਾਰੇ ਪੁੱਛਿਆ।

ਗੁਰਦੀਸ ਦਾ ਕੋਈ ਪਤਾ ਨਹੀਂ। ਉਸ ਦੀ ਲਾਸ਼ ਵੀ ਉਸਦੇ ਘਰ ਦਿਆਂ ਨੂੰ ਨਾ ਮਿਲੀ। ਅਜ ਤਕ ਉਸਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਇਸ ਦੇ ਬਾਰੇ 'ਚ ਦਰਿਆ ਦਾ ਡੂੰਘਾ ਪਾਣੀ ਹੀ ਕੁਝ ਦੱਸ ਸਕੇਗਾ ਜਾਂ ਪੈਟਰੋਲ ਦੀ ਅੱਗ।

ਉਹ ਰੋ ਪਿਆ। ਦਿਲ ਯਾਰ ਦੇ ਵਿਛੋੜੇ 'ਚ ਤੜਫ ਉਠਿਆ।

ਕਿਨੇ ਫੁਲ ਟੁੱਟ ਗਏ। ਕਿਨੇ ਬੂਟੇ ਫੁਲ ਟੁਟਣ ਤੇ ਮੁਰਝਾ ਗਏ। ਕੋਈ ਪਤਾ ਨਹੀਂ ?

ਕਿਨੇ ਭਰਾ ਭੈਣਾਂ ਨਾਲੋਂ ਵਿਛੜ ਗਏ ?

ਕਿੰਨੀਆਂ ਜਵਾਨ ਹੁੰਦੀਆਂ ਅੰਗੜਾਈਆਂ ਭਰਦੀਆਂ ਰੂਹਾਂ ਖਤਮ ਹੋਈਆਂ ?

ਕਿੰਨੇ ਦਿਲਾਂ ਦੇ ਮੀਤ ਗੁਆਚ ਗਏ ?

ਕਿੰਨੇ ਮਾਪਿਆਂ ਦੇ ਪੁੱਤ ਮਾਰੇ ਗਏ ?

ਕੋਈ ਪਤਾ ਨਹੀਂ।

ਸ਼ਾਇਦ ਇਹ ਵੀ ਪਤਾ ਨਹੀਂ ਕਿ ਕਿੰਨਿਆਂ ਦੇ ਸੁਪਨਿਆਂ ਦਾ ਖੂਨ ਹੋਇਆ ?

ਉਹ ਆਪ ਫੌਜ 'ਚ ਕੋਈ ਅਫਸਰ ਬਨਣਾ ਚਾਹੁੰਦਾ ਸੀ ਪਰ ਹੁਣ ਕਦੀ ਵੀ ਨਹੀਂ ਬਣ ਸਕੇਗਾ। ਉਸ ਦੀ ਬਾਂਹ ਜ਼ਾਲਮਾਂ ਲੈ ਲਈ।

ਗੁਰਦੀਪ ਵਕੀਲ ਨਾ ਬਣ ਸਕਿਆ। ਹਾਂ ਅੱਗ ਨੇ ਜ਼ਰੂਰ ਜਲਾ ਦਿੱਤਾ ਹੋਊ।

ਉਸ ਨੂੰ ਯਾਦ ਆਇਆ ਆਪਣਾ ਇਕ ਜਮਾਤੀ ਦਿਲਬਾਗ। ਉਹ ਬੜੀਆਂ ਵਧੀਆ ਕਹਾਣੀਆਂ ਲਿਖਦਾ ਹੁੰਦਾ ਸੀ ਤੇ ਹਮੇਸ਼ਾ ਇਹ ਕਹਿੰਦਾ ਹੁੰਦਾ ਸੀ ਕਿ ਉਹ ਮਹਾਨ ਕਹਾਣੀਕਾਰ ਬਣੇਗਾ। ਪਰ ਉਹਦਾ ਕੋਈ ਪਤਾ ਈ ਨਹੀਂ ਲਗਦਾ।

ਮਲਕੀਤ ਆਈ. ਏ. ਐਸ ਬਨਣ ਦੀ ਤਮੰਨਾ ਦਿਲ 'ਚ ਲੈ ਕੇ ਗੁਆਚ ਗਿਆ।

ਹੋਰ ਪਤਾ ਨਹੀਂ ਕਿੰਨੇ ਕੁ ਸੁਪਨਿਆਂ ਦਾ ਖ਼ੂਨ ਹੋਇਆ ?

ਭੈਣਾਂ ਵੀਰਾਂ ਲਈ ਵਿਲਕੀਆਂ, ਮਾਪੇ ਪੁਤਰਾਂ ਲਈ ਵਿਲਕੇ, ਯਾਰ ਯਾਰਾਂ ਲਈ ਵਿਲਕੇ। ਪਰ ਰੌਲੇ 'ਚ ਉਹਨਾਂ ਦੀ ਅਵਾਜ਼ ਦੱਬ ਕੇ ਰਹਿ ਗਈ, ਕਿਸੇ ਨਾ ਸੁਣੀ, ਰੋਣ ਕਿਸੇ ਨੂੰ ਨਾ ਆਇਆ, ਫੋਕੇ ਅਥਰੂ ਕਈਆਂ ਵਹਾਏ।

ਤੇ ਹੋਰ ਯਾਦਾਂ ਉਸਦੇ ਦਿਮਾਗ 'ਚ ਉਭਰੀਆਂ।

ਗੁਰਦੀਪ ਦੀ ਮੁਸਕਰਾਉਂਦੀ ਫੋਟੋ ਉਸ ਖ਼ੂਨੀ ਦਿਨ ਦੀ ਗਵਾਹ ਸੀ।

ਕੀ ਜ਼ਿੰਦਗੀਆਂ ਐਨੀਆਂ ਸਸਤੀਆਂ ਹੋ ਸਕਦੀਆਂ ਨੇ ?

ਸਵੇਰ ਵਾਲੀ ਰੋਟੀ ਉਂਝ ਹੀ ਮੇਜ਼ ਤੇ ਪਈ ਸੀ। ਉਸਦੇ ਅੰਦਰ ਹੁਣ ਵੀ ਭੁੱਖ ਨਹੀਂ ਸੀ, ਰੋਟੀ ਕਿਵੇਂ ਖਾਵੇ

"ਚਮੇਸ਼ ਕਾਹਨੂੰ ਫਜ਼ੂਲ ਆਪਾ ਕਲਪਾਂਦਾ ਏ, ਤਗੜਾ ਹੋ। ਖ਼ੂਨ ਕਦੀ ਵੀ ਅਜਾਂਈ ਨਹੀਂ ਗਏ। ਸਾਡਾ ਖ਼ੂਨ ਜ਼ਰੂਰ ਰੰਗ ਲਿਆਵੇਗਾ। ਹਨੇਰਾ ਸਦਾ ਨਹੀਂ ਰਹਿਣਾਂ, ਨਿਰਦੋਸ਼ ਸਦਾ ਨਹੀਂ ਮਰਦੇ ਰਹਿਣਗੇ। ਨਿਆਂ ਭਰਿਆਂ ਸਮਾਂ ਆਉਣ ਵਾਲਾ ਹੈ। ਉਠ ਤੂੰ ਵੀ ਕੁਝ ਕਰ ਉਹ ਨਵੀਂ ਦੁਨੀਆਂ ਵਸਾਉਣ ਲਈ। ਸਿਰ ਸੁੱਟ ਕੇ ਕਾਹਨੂੰ ਦੁਖੀ ਹੁੰਨਾ ਏਂ, ਉਸ ਨੂੰ ਲੱਗਾ ਜਿਵੇਂ ਗੁਰਦੀਪ ਦੀ ਮੁਸਕਰਾਉਂਦੀ ਫੋਟੋ ਕਹਿ ਰਹੀ ਹੋਵੇ।"

ਉਸਨੇ ਰੋਟੀ ਆਪਣੇ ਅੱਗੇ ਸਰਕਾ ਲਈ। ਬੁਰਕੀ ਭੰਨਕੇ ਮੂੰਹ 'ਚ ਪਾਈ। ਸਿਰਫ਼ ਇਸ ਲਈ ਕਿ ਉਹ ਆਪਣਾ ਕੁਝ ਹਿੱਸਾ ਉਸ ਚਾਨਣ 'ਚ ਪਾਉਣ ਲਈ ਜਿੰਦਾ ਰਹਿ ਸਕੇ।

ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ ਸਹਾਇਕ
ਗਿੱਲ ਇਨਸ਼ੋਰੈਂਸ
ਸਰਵਿਸਜ਼ ਕੰਪਨੀ ਲਿਮਿਟਡ
(ਸੁਰਜੀਤ ਗਿੱਲ)
AUTO - FIRE - LIFE
BUS. 879-5522 RES. 874-6656
#204-3310-FRASER
VANCOUVER-10, B.C.

## ਅਧੂਰੀ ਖ਼ਬਰ
(ਕ੍ਰਿਸ਼ਨ ਸਰਸਾਰ)

ਪੰਜਾਬ ਦੀ ਇਕ ਸਰਕਾਰੀ ਖ਼ਬਰ ਵਿਚ ਦਸਿਆ ਗਿਆ ਹੈ ਕਿ ਸਰਹੱਦ 'ਤੇ ਪੁਲੀਸ ਨੇ 22 ਵਿਅਕਤੀ ਗ੍ਰਿਫਤਾਰ ਕੀਤੇ, ਜਿਨ੍ਹਾਂ ਕੋਲੋਂ 5 ਲੱਖ ਰੁਪਏ ਦਾ ਸਾਮਾਨ ਫੜਿਆ ਗਿਆ।

ਇਹ ਖ਼ਬਰ ਅਧੂਰੀ ਜਾਪਦੀ ਹੈ ...ਪੂਰੀ ਖ਼ਬਰ ਇੰਝ ਹੋਣੀ ਚਾਹੀਦੀ ਸੀ ... 500 ਸਮਗਲਰਾਂ ਵਿਚੋਂ 22 ਵਿਅਕਤੀ ਫੜੇ ਗਏ। ਇਕ ਲੱਖ ਦਾ ਸਾਮਾਨ ਜ਼ਬਤ ਕੀਤਾ ਗਿਆ। ਚਾਰ ਲੱਖ ਕਰਮਚਾਰੀਆਂ ਨੂੰ ਗੁਪਤ ਦਾਨ ਵਜੋਂ ਦਿਤਾ ਗਿਆ ਅਤੇ ਬਾਕੀ 50 ਕੁ ਲੱਖ ਦਾ ਸਾਮਾਨ ਸਮਗਲਰ, ਪੁਲਸ ਦੀ ਹਿਫਾਜ਼ਤ ਵਿਚ 'ਮਹਿਫੂਜ਼ ਮੁਕਾਮਾਤ' 'ਤੇ ਲੈ ਗਏ......।

---

## ਟਿੱਪਰਾਂ
(ਕਪੂਰ ਸਿੰਘ ਘੁੰਮਣ)

[ਭਾਸ਼ਾ ਵਿਭਾਗ ਵੱਲੋਂ ਸਰਵੇ ਪਾਰਟੀ ਵੱਖ ਵੱਖ ਪਿੰਡਾਂ 'ਚ ਜਾ ਕੇ ਸ਼ਬਦਾਵਲੀ, ਅਖਾਣ, ਮੁਹਾਵਰੇ, ਲੋਕ ਗੀਤ, ਰਸਮਾਂ ਰੀਤਾਂ, ਕਥਾ ਕਹਾਣੀਆਂ ਆਦਿ ਇਕੱਤਰ ਕਰ ਰਹੀ ਸੀ।]

★ ਬਡਰੁੱਖੇ, ਇਕ ਘਰ ਵਿਚ ਤਾਣੀ ਲੱਗੀ ਵੇਖਕੇ ਜਦ ਅਸਾਂ ਵੱਖ ਵੱਖ ਚੀਜ਼ਾਂ ਦੇ ਨਾਂ ਪੁੱਛਣੇ ਸ਼ੁਰੂ ਕੀਤੇ ਤਾਂ ਇਕ ਔਰਤ ਨੇ ਤਰਲਾ ਲੈ ਕੇ ਕਿਹਾ : "ਬਾਈ, ਜੇ ਟੈਕਸਾ ਵਾਲੇ ਉਂ ਤਾਂ ਥੋਡੇ ਮੂਹਰੇ ਹੱਥ ਜੋੜ ਕੇ ਕਹਿਨੀ ਆਂ, ਦੇਖਿਓ ਕਿਤੇ ਗਰੀਬ ਮਾਰ ਨਾ ਕਰ ਜਿਉ। ਅਸੀਂ ਤਾਂ ਅੱਗੇ ਈ ਜੇ ਖਾਣੇ ਦੇ ਸੋਮੇ ਨੇ ਮਾਰ ਰੱਖੇ ਆਂ।"

★ ਇਕ ਔਰਤ ਤੋਂ 'ਕਮੀਚ', 'ਗਰਾਰਾ' 'ਦੁਪੱਟਾ' ਆਦਿ ਸਾਰੇ ਸ਼ਬਦ ਪੁੱਛ ਕੇ ਘਰ ਦੇ ਬਾਹਰ ਮੰਜੇ ਤੇ ਬੈਠੇ ਮਰਦਾਂ ਤੋਂ ਜਦ ਮੈਂ ਮੰਜੀ ਦੀਆਂ ਬਾਹੀਆਂ, ਦੌਣ ਆਦਿ ਨੂੰ ਹੱਥ ਲਾ ਕੇ ਪੁੱਛਣ ਲੱਗਾ, 'ਇਹ ਕੀ ਏ' ਤਾਂ ਉਹ ਔਰਤ ਸਾਡੀ ਪਾਰਟੀ ਦੇ ਇਕ ਮੈਂਬਰ ਨੂੰ ਕਹਿਣ ਲੱਗੀ : "ਬੇ ਭਾਈ ਔਹ ਜਿਹੜਾ ਥੋਡੇ ਨਾਲ ਦੈ, ਕਿਤੇ ਕਮਲਾ ਤਾਂ ਨਈਂ ? ਮੇਰੀ ਕਮੀਚ ਨੂੰ ਹੱਥ ਲਾ ਕੇ ਕਹਿੰਦਾ ਆ ਕੀ ਐ ? ਗਰਾਰੇ ਕੰਨੀ ਸੈਣਤ ਕਰਕੇ ਕਹਿੰਦਾ ਔਹਦਾ ਕੀ ਨਾਂ ਏ ? ਹੁਣ ਹੋ ਦੇਖੋ ਮੰਜੇ ਦੇ ਪਾਵੇ ਨੂੰ ਹੱਥ ਪਾਈ ਖੜ੍ਹਾ।"

★ ਸਰਵੇ ਪਾਰਟੀ ਬਾਰੇ ਇਕ ਆਦਮੀ ਨੇ ਕਿਹਾ : "ਸਰਕਾਰ ਕੋਲ ਕੰਮ ਕੋਈ ਰਿਹਾ ਨਹੀਂ। ਪਿੰਡਾਂ ਨੂੰ ਹੱਕ ਤੇ ਇਹ ਬਾਧੂ ਬਹਿੜਕੇ, ਸਾਡੇ ਖੁਰ ਵੱਢਣ ਨੂੰ।"

★ ਇਕ ਪੇਂਡੂ ਸੂਚਕ ਨਾਲ ਗੱਲ ਬਾਤ ਸ਼ੁਰੂ ਕੀਤੀ ਤਾਂ ਉਹ ਅਤਿਅੰਤ ਭੋਲੇਪਣ ਨਾਲ ਕਹਿਣ ਲੱਗਾ : "ਦੇਖੀਂ ਭਾਈ, ਪਹਿਲਾਂ ਐਂ ਦੱਸ ਤੂੰ ਹੈ ਕੌਣ ? ਕਿਤੇ ਸੀ. ਆਈ. ਡੀ. ਤਾਂ ਨਹੀਂ। ਸਾਨੂੰ ਕੌਮਨਸ਼ਟ ਨਾ ਲਿਖ ਦੀਂ ਕਿਤੇ।

★ ਗੱਡੀ ਖੜ੍ਹੀ ਕਰਕੇ ਕੁੱਲੇ ਮਾਜਰਾ ਦੇ ਇਕ ਜਵਾਨ ਜੱਟ ਨੂੰ ਜਦ ਅਸਾਂ ਬੁਲਾਇਆ ਤਾਂ ਉਹ ਇਹ ਆਖ ਕੇ ਖਿਸਕ ਗਿਆ, 'ਮੈਨੂੰ ਪਤੈ, ਮੈਨੂੰ ਪਤੈ, ਤੁਸੀਂ ਮਰਦਾਂ ਨੂੰ ਖੱਸੀ ਕਰਨ ਆਏ ਉਂ।"

# ਬੇਗਮ

## (ਬੂਟਾ ਸਿੰਘ)

ਕਈਆਂ ਵਰ੍ਹਿਆਂ ਤੋਂ ਲੋਕ ਉਸ ਨੂੰ ਅਮੀਨਾਬਾਦ ਬਾਜ਼ਾਰ ਵਿਚ ਘੁੰਮਦਿਆਂ ਵੇਖਦੇ ਆ ਰਹੇ ਸਨ। ਉਸ ਦੇ ਕਪੜੇ ਕਦੇ ਨਵੇਂ ਹੁੰਦੇ, ਕਦੇ ਮੈਲੇ ਕੁਚੈਲੇ ਤੇ ਲੀਰੋ ਲੀਰ। ਉਸ ਦੀਆਂ ਜ਼ੁਲਫ਼ਾਂ, ਰੁੱਖੀਆਂ ਰੁੱਖੀਆਂ, ਜੁੜੀਆਂ ਜੁੜੀਆਂ ਹੁੰਦੀਆਂ, ਕਦ ਲਿਸ਼ ਲਿਸ਼ ਕਰਦੇ ਤਾਜ਼ੇ ਧੋਤੇ ਕੇਸ। ਉਹ ਜਿਵੇਂ ਲੰਘਦੀ ਖ਼ੁਸ਼ਬੂਆਂ ਖਲਾਰ ਜਾਂਦੀ। ਨਾ ਉਸ ਨੂੰ ਨਵੇਂ ਕਪੜਿਆਂ ਦਾ ਚਾਅ ਹੁੰਦਾ, ਨਾ ਉਸ ਨੂੰ ਲੀਰੋ ਲੀਰ ਹੋਇਆਂ ਦਾ ਹਿਰਖ। ਉਹ ਨੰਗੀ ਹੋ ਰਹੀ ਹੋਵੇ, ਜਾਂ ਉਸ ਦਾ ਜਿਸਮ ਸੋਹਣਾ ਢਕਿਆ ਢਕਿਆ ਹੋਵੇ ਉਸ ਨੂੰ ਕੋਈ ਖ਼ਿਆਲ ਨਾ ਹੁੰਦਾ। ਉਹ ਅਮੀਨਾਬਾਦ ਵਿਚ ਘੁੰਮਦੀ ਰਹਿੰਦੀ, ਘੁੰਮਦੀ ਰਹਿੰਦੀ। ਕਦੇ ਕਿਸੇ ਉਸ ਨੂੰ ਬੈਠਿਆਂ ਨਹੀਂ ਸੀ ਤੱਕਿਆ, ਕਿਸੇ ਸੁੱਤਿਆਂ ਨਹੀਂ ਸੀ ਵੇਖਿਆ। ਪਤਾ ਨਹੀਂ ਉਹ ਕਿਹੜੇ ਵੇਲੇ ਸੌਂਦੀ, ਕਿਹੜੇ ਵੇਲੇ ਜਾਗਦੀ। ਉਸ ਨੂੰ ਥਕਾਨ ਹੀ ਨਾ ਹੁੰਦੀ। ਉਹ ਫ਼ਕੀਰਨੀ ਸੀ, ਉਹ ਪਗਲੀ ਸੀ, ਪਰ ਹੈਸੀ ਬੜੀ ਜਵਾਨ।

ਜਿਸ ਦੁਕਾਨ ਸਾਹਵੇਂ ਖਲੋ ਜਾਂਦੀ ਉਹ ਖਲੋਤੀ ਹੀ ਰਹਿੰਦੀ ਤੇ ਉਸ ਵੇਲੇ ਤਕ ਨਾ ਜਾਂਦੀ ਜਦ ਤਕ ਦੁਕਾਨ ਵਾਲੇ ਉਸ ਨੂੰ ਕੁਝ ਦੇ ਨਾ ਦੇਂਦੇ। ਉਹ ਬੋਲਦੀ ਕੁਝ ਨਾ, ਉਹ ਮੰਗਦੀ ਕਝ ਨਾ, ਉਹ ਤਾਂ ਚੁੱਪ ਚਾਪ ਖਲੋਤੀ ਰਹਿੰਦੀ ਤੇ ਖਾਣ ਵਾਲੀ ਸ਼ੈ ਦੀ ਉਡੀਕ ਕਰਦੀ ਰਹਿੰਦੀ। ਜਦ ਉਸ ਨੂੰ ਕੁਝ ਥੋੜਾ ਬਹੁਤ ਮਿਲ ਜਾਂਦਾ ਉਹ ਉਥੋਂ ਤੁਰ ਪੈਂਦੀ। ਉਸ ਨੂੰ ਖਾਂਦਿਆਂ ਤੱਕ ਇਸ ਤਰ੍ਹਾਂ ਜਾਪਦਾ, ਜਿਵੇਂ ਉਸ ਵਿਚ ਅੰਤਾਂ ਦੀ ਭੁੱਖ ਭਰੀ ਪਈ ਏ। ਜਿਵੇਂ ਉਸ ਨੂੰ ਕਦੇ ਰਜਵੀਂ ਰੋਟੀ ਨਹੀਂ ਜੁੜੀ।

ਕੋਈ ਨਹੀਂ ਸੀ ਜਾਣਦਾ ਉਹ ਕਿਸ ਦੀ ਧੀ ਹੈ ? ਕਿਸ ਦੀ ਨੂੰਹ ਹੈ ? ਕਿਥੋਂ ਆਈ ਹੈ ? ਕਿਥੇ ਰਹਿੰਦੀ ਹੈ ਤੇ ਉਸ ਦਾ ਗੁਜ਼ਾਰਾ ਕਿਵੇਂ ਹੁੰਦਾ ਹੈ।

ਉਸ ਦੇ ਮੂੰਹ-ਮੁਹਾਂਦਰੇ ਨੂੰ ਤੱਕ ਕਈ ਲੋਕ ਖ਼ਿਆਲ ਕਰਦੇ, ਜਿਵੇਂ ਉਹ ਕਸ਼ਮੀਰਨ ਹੈ। ਤੇ ਕਈ ਖ਼ਿਆਲ ਕਰਦੇ ਕਿਸੇ ਨਵਾਬ ਦੀ ਛੁਟੜ। ਪਰ ਨਿਸਚੇ ਨਾਲ ਕੋਈ ਨਹੀਂ ਸੀ ਜਾਣਦਾ ਉਹ ਕੌਣ ਹੈ ? ਤੇ ਕਿਥੋਂ ਆਈ ਹੈ ?

ਉਹ ਫਿਰਦੀ ਫਿਰਦੀ ਥੱਕਦੀ ਹੀ ਨਾ। ਤੇ ਜਦ ਉਸ ਨੂੰ ਭੁੱਖ ਲਗਦੀ ਤਾਂ ਹਲਵਾਈਆਂ ਦੀਆਂ ਦੁਕਾਨਾਂ ਜਾਂ ਢਾਬਿਆਂ ਸਾਹਮਣੇ ਆ ਖੜੀ ਹੁੰਦੀ। ਤੰਦੂਰਾਂ ਵਾਲੇ ਜਾਣਦੇ ਸਨ ਕਿ ਪਗਲੀ ਬੜੀ ਸਿਦਕਣ ਹੈ। ਇਕ ਰੋਟੀ ਦਿਓ ਤੁਰ ਜਾਂਦੀ ਹੈ, ਅੱਧੀ ਰੋਟੀ ਦਿਓ ਤੁਰ ਜਾਂਦੀ ਹੈ, ਤੇ ਆਮ ਮੰਗਤਿਆਂ ਵਾਂਗ ਜ਼ਿੱਦ ਨਹੀਂ ਕਰਦੀ। ਉਹ ਅਕਸਰ ਨਰੈਣ ਸੇਠ ਦੀ ਦੁਕਾਨ ਸਾਹਵੇਂ ਦਿਹਾੜੀ ਵਿਚ ਇਕ ਵਾਰ ਜ਼ਰੂਰ ਆਉਂਦੀ ਤੇ ਉਹ ਵੀ ਉਸ ਵੇਲੇ ਜਦ ਸੇਠ ਜੀ ਦੁਕਾਨ ਉਤੇ ਹੁੰਦੇ। ਸੇਠ ਜੀ ਦੀ ਦੁਕਾਨ ਉਤੇ ਕਿੰਨੀ ਭੀੜ ਹੁੰਦੀ ਕਿੰਨਾ ਰਸ਼ ਹੁੰਦਾ ਤਾਂ ਵੀ ਉਹ ਦੂਰ ਖਲੋਤੀ ਪਗਲੀ ਨੂੰ ਤੱਕ ਲੈਂਦੇ, ਤੇ ਨੌਕਰ ਨੂੰ ਆਵਾਜ਼ ਦੇ ਕੇ ਕਹਿੰਦੇ "ਦੇ ਓਏ ਪਗਲੀ ਨੂੰ ਕੁਝ, ਕਿੰਨੇ ਚਿਰ ਦਾ ਉਡੀਕ ਲਾਈ ਖਲੋਤੀ ਏ।" ਜਦ ਕਦੇ ਵੀ ਸੇਠ ਜੀ ਪਗਲੀ ਨੂੰ ਕੁਝ ਦੇਂਦੇ ਤਾਂ ਉਹਨਾਂ ਦਾ ਹਉਕਾ ਨਿਕਲ ਜਾਂਦਾ, ਤੇ ਉਹ ਮਹਿਸੂਸ ਕਰਦੇ ਜਿਵੇਂ ਪਗਲੀ ਨੂੰ ਕੁਝ ਦੇ ਉਹਨਾਂ ਸਿਰੋਂ ਭਾਰ ਹੌਲਾ ਕੀਤਾ ਹੈ, ਜਾਂ ਆਖਰੀ ਅਹੂਤੀ ਪਾ ਯਗ ਸੰਪੂਰਨ ਕੀਤਾ ਹੈ।

ਸੇਠ ਜੀ ਪਗਲੀ ਦੀ ਇਸ ਤਰ੍ਹਾਂ ਉਡੀਕ ਕਰਦੇ ਰਹਿੰਦੇ ਜਿਵੇਂ ਉਹ ਪੱਕਾ ਗਾਹਕ ਹੋਵੇ। ਉਹ ਅਕਸਰ ਸੋਚਦੇ ਕਿਸੇ ਚੰਗੇ ਘਰਾਣੇ ਦੀ ਕੁੜੀ ਏ, ਦਿਮਾਗ਼ ਦੀ ਖ਼ਰਾਬੀ ਕਾਰਨ ਬਜ਼ਾਰਾਂ ਵਿਚ ਲਗੀ ਫਿਰਦੀ ਏ...ਸ਼ਿਵ ਸ਼ੰਭੂ...ਸ਼ਿਵ ਸ਼ੰਭੂ ਉਹਨਾਂ ਦੇ ਮੂੰਹੋਂ ਨਿਕਲ ਜਾਂਦਾ ਤੇ ਅਚੇਤ ਹੀ ਉਹਨਾਂ ਦਾ ਹੱਥ ਗੱਦੀ ਸਾਹਵੇਂ ਜ਼ੰਜੀਰ ਨਾਲ ਲਮਕਦੇ ਪਿੱਤਲ ਦੇ ਟਲ ਨੂੰ ਜਾ ਪੈਂਦਾ।

ਪਗਲੀ ਫਿਰਦੀ ਰਹਿੰਦੀ ਕੋਈ ਇਸ ਨੂੰ ਛੇੜਦਾ ਨਾ, ਉਹ ਕਿਸੇ ਨਾਲ ਗੱਲ ਨਾ ਕਰਦੀ ਜੇ ਕੋਈ ਉਸ ਵਲ ਭੈੜੀ ਨਿਗਾਹ ਨਾਲ ਤੱਕਦਾ ਤਾਂ ਉਹ ਇਸ ਤਰ੍ਹਾਂ ਮੂੰਹ ਬਣਾਉਂਦੀ ਕਿ ਕੋਲ ਖਲੋਤਿਆਂ ਨੂੰ ਡਰ ਆਉਣ ਲਗ ਪੈਂਦਾ ਤੇ ਜੇ ਕਦੇ ਮੁਸਕਰਾ ਪੈਂਦੀ ਤਾਂ ਉਸ ਦਾ ਮੂੰਹ ਹੋਰ ਕੂਲਾ ਕੂਲਾ ਲਗਣ ਲਗ ਪੈਂਦਾ ਤੇ ਉਸ ਦੇ ਚਿੱਟੇ ਦੰਦਾਂ ਦੀ ਲਿਸ਼ਕ ਉਸ ਦੀਆਂ ਮੋਟੀਆਂ ਅੱਖਾਂ ਵਿਚ ਜਾ ਲੁਕਦੀ।

ਸਰਦੀ ਹੁੰਦੀ, ਗਰਮੀ ਹੁੰਦੀ, ਉਹ ਪੈਰੋਂ ਨੰਗੀ ਹੀ ਫਿਰਦੀ, ਕਿਤੇ ਟਿਕ ਕੇ ਸਾਹ ਨਾ ਲੈਂਦੀ। ਸਰਦੀ ਨੇ ਇਸ ਵਾਰ ਹਦ ਕਰ ਦਿਤੀ ਸੀ। ਲੋਕ ਸ਼ਾਮ ਹੋਣ ਤੇ ਹੀ ਘਰ ਵਿਚ ਜਾ ਵੜਦੇ, ਬਾਜ਼ਾਰ ਸੁੰਨੇ ਹੋ ਜਾਂਦੇ, ਪਰ ਪਗਲੀ ਘੁੰਮਦੀ ਰਹਿੰਦੀ।

ਸੇਠ ਨਰੈਣ ਲਾਲ ਦੀ ਦੁਕਾਨ ਬੰਦ ਹੋ ਗਈ ਸੀ ਉਸ ਦੀ ਭੱਠੀ ਵਿਚ ਅਜੇ ਤਕ ਕੋਲੇ ਮੱਘ ਰਹੇ ਸਨ, ਜਿਨ੍ਹਾਂ ਦੀ ਲੋਅ ਵਿਚ, ਭੱਠੀ ਲਾਗੇ ਫਟਿਆਂ ਤੇ ਪਏ ਕਿਸੇ ਮਨੁੱਖ ਦਾ ਮੂੰਹ ਬਹੁਤਾ ਸਾਫ਼ ਨਜ਼ਰ ਨਹੀਂ ਸੀ ਆਉਂਦਾ। ਬਾਜ਼ਾਰ ਵਿਚ ਕੋਈ ਯਾਤਰੂ ਨਜ਼ਰ ਨਹੀਂ ਸੀ ਆ ਰਿਹਾ। ਚੌਕੀਦਾਰ ਹੱਟੀਆਂ ਦੇ ਤਾਲੇ ਟੋਹਂਦਾ ਤੇ ਡੰਡਾ ਖੜਕਾਉਂਦਾ, ਭੱਠੀ ਲਾਗੇ ਆ ਖਲੋਤਾ ਤੇ ਹੱਥ ਸੇਕਣ ਲਗ ਪਿਆ। ਉਸ ਨੇ ਹੱਥ ਸੇਕਦਿਆਂ ਬੜੇ ਰੁਅਬ ਨਾਲ ਕਿਹਾ, "ਓਏ ਤੂੰ ਕੌਣ ਏਂ ਇਥੇ ਲੰਮਾ ਪਿਆ ?" ਲੰਮਾ ਪਿਆ ਉਸ ਦੀ ਆਵਾਜ਼ ਨਾਲ ਜ਼ਰਾ ਵੀ ਨਾ ਸਰਕਿਆ ਤੇ ਜਦ ਉਸ ਨੇ ਆਪਣੀਆਂ ਮੋਟੀਆਂ ਅੱਖਾਂ ਦੇ ਛੱਪਰ ਚੁਕ ਚੌਕੀਦਾਰ ਵਲ ਤੱਕਿਆ ਤਾਂ ਚੌਕੀਦਾਰ ਓਪਰੀ ਹਾਸੀ ਹਸਦਾ ਬੋਲਿਆ, "ਸੁੱਤੀ ਰਹੋ, ਸੁੱਤੀ ਰਹੋ ਪਗਲੀ..." ਪਗਲੀ ਮਾੜਾ ਜਿਹਾ ਮੁਸਕਰਾ ਫਿਰ ਗੰਭੀਰ ਹੋ ਗਈ ਤੇ ਉਸ ਇਸ ਤਰ੍ਹਾਂ ਅੱਖਾਂ ਮੀਟ ਲਈਆਂ ਜਿਵੇਂ ਕੁਝ ਸੋਚ ਰਹੀ ਹੋਵੇ।

ਚੌਕੀਦਾਰ ਉਸ ਵਲ ਕਿੰਨਾ ਚਿਰ ਤੱਕਦਾ ਰਿਹਾ। ਪਗਲੀ ਦੀਆਂ ਗਲ੍ਹਾਂ ਕੋਲਿਆਂ ਦੀ ਲੋਅ ਵਿਚ ਹੋਰ ਵੀ ਸੋਹਣੀਆਂ ਲਗਦੀਆਂ। ਉਸ ਦੇ ਨਕਸ਼ ਉਘੜੇ ਉਘੜੇ ਜਾਪਦੇ ਜਿਵੇਂ ਕੰਵਲ ਅਰਗ ਵਾਲੀ ਥਾਲੀ ਲਾਗੇ ਪਿਆ ਹੋਵੇ।

ਚੌਕੀਦਾਰ ਕਦੇ ਉਸ ਵਲ ਤੱਕਦਾ ਕਦੇ ਬਾਜ਼ਾਰ ਵਲ। ਜਦ ਬਾਜ਼ਾਰ ਵਲੋਂ ਉਸ ਦਾ ਧਿਆਨ ਮੁੜਦਾ ਤਾਂ ਉਸ ਦੀਆਂ ਅੱਖਾਂ ਵਿਚ ਤਸੱਲੀ ਜਿਹੀ ਆ ਜਾਂਦੀ ਤੇ ਉਹ ਪਗਲੀ ਵਲ ਇਸ ਤਰ੍ਹਾਂ ਤੱਕਦਾ ਜਿਵੇਂ ਨੌਕਰੀ ਭੁੱਲ ਗਈ ਹੈ, ਫ਼ਰਜ਼ ਵਿਸਰ ਗਈ ਹੈ। ਪਗਲੀ ਨਿਸਚਿੰਤ ਪਈ ਸੀ ਤੇ ਜਦ ਕਦੇ ਉਹ ਅਖਾਂ ਖੋਲ੍ਹਦੀ ਤਾਂ ਜਾਪਦਾ ਜਿਵੇਂ ਉਸ ਦੀ ਸੁਰਤੀ ਵਿਚ ਤਰੇੜ ਆ ਗਈ ਹੋਵੇ। ਚੌਕੀਦਾਰ ਗੱਲਾਂ ਛੇੜਨ ਦਾ ਯਤਨ ਕਰਦਾ ਉਹ ਚੁੱਪ ਰਹੀ। ਚੌਕੀਦਾਰ ਨੇ ਜੇਬ ਵਿਚੋਂ ਗੁੜ ਕਢ

ਉਸ ਵਲ ਹੱਥ ਵਧਾਇਆ, ਉਹ ਸਰਕੀ ਤਕ ਨਾ । ਫਿਰ ਪਤਾ ਨਹੀਂ ਉਸ ਦੇ ਮੂੰਹੋਂ ਕੀ ਗੱਲ ਨਿਕਲ ਗਈ ਕਿ ਪਗਲੀ ਨੇ ਭੱਠੀ ਦੇ ਕੰਢਿਉਂ ਇੱਟ ਚੁੱਕ ਉਸ ਵਲ ਵਗਾਹ ਮਾਰੀ । ਇੱਟ ਚੌਕੀਦਾਰ ਦੇ ਮੋਢੇ ਤੇ ਜਾ ਵੱਜੀ ਤੇ ਉਹ ਉਥੋਂ ਇਸ ਤਰ੍ਹਾਂ ਭੱਜਾ ਜਿਵੇਂ ਕੁਝ ਹੋਇਆ ਹੀ ਨਹੀਂ ।

ਪਗਲੀ ਦੇ ਦਿਨ ਇਸ ਤਰ੍ਹਾਂ ਹੀ ਫਿਰਦਿਆਂ ਤੁਰਦਿਆਂ ਬੀਤ ਰਹੇ ਸਨ । ਇਕ ਦਿਨ ਅਚਨਚੇਤ ਪਗਲੀ ਨਰੈਣ ਸੇਠ ਦੀ ਹੱਟੀ ਸਾਹਵੇਂ ਆ ਖਲੋਤੀ । ਉਸ ਨੂੰ ਤੱਕ ਸੇਠ ਜੀ ਨੂੰ ਇਤਬਾਰ ਨਹੀਂ ਸੀ ਆਉਂਦਾ ਕਿ ਇਹ ਪਗਲੀ ਹੈ ਜਾਂ ਕੋਈ ਬੇਗਮ... ਉਸ ਨੇ ਹੈਦਰਾਬਾਦੀ ਤਿੱਲੇ ਵਾਲਾ ਗਰਾਰਾ ਪਾਇਆ ਸੀ, ਸੁਨਹਿਰੀ ਬਾਹਾਂ ਵਾਲਾ ਕੁਰਤਾ, ਗੁਟੇਈ ਰੰਗ ਦੀ ਗੋਟੇ ਵਾਲੀ ਚੁੰਨੀ ਤੇ ਲਿਸ਼ ਲਿਸ਼ ਕਰਦੇ ਉਸ ਦੇ ਛੱਤੇ । ਉਹ ਬਾਰ ਬਾਰ ਚੁੰਨੀ ਸਿਰ ਦੇ ਉਤੇ ਰਖਦੀ, ਪਰ ਫਿਰ ਡਿੱਗ ਪੈਂਦੀ । ਸੇਠ ਜੀ ਉਸ ਵਲ ਤੱਕਦੇ ਰਹੇ ਤੇ ਫਿਰ ਅਚਾਨਕ ਉਹਨਾਂ ਦਾ ਹੱਥ ਲਟਕਦੇ ਟਲ ਨੂੰ ਜਾ ਪਿਆ, "ਸ਼ਿਵ ਸ਼ੰਭੂ ਮੇਰੇ ਭੋਲੇ ਨਾਥ ਤੇਰੀ ਲੀਲ੍ਹਾ...ਲੈ ਪਗਲੀ, ਉਹਨਾਂ ਪਕੌੜਿਆਂ ਦਾ ਚੂਰ ਭੂਰ ਦਾ ਬੁਕ ਉਸ ਵਲ ਵਧਾਉਂਦਿਆਂ ਕਿਹਾ । ਪਗਲੀ ਨੇ ਨਾਂਹ ਵਿਚ ਸਿਰ ਹਿਲਾਉਂਦਿਆਂ ਕਿਹਾ "ਸੇਠ ਜੀ, ਪਗਲੀ ਮਤ ਕਹੀਏ, ਬੜੇ ਨਵਾਬ ਸਾਹਿਬ ਕੀ ਬੇਗਮ...ਆਜ ਲੱਡੂ ਖਾਏਗੀ ।"

"ਨਵਾਬ ਸਾਹਿਬ ਕੀ ਬੇਗਮ ?" ਸੇਠ ਜੀ ਹੱਸ ਪਏ ਤੇ ਉਹਨਾਂ ਦੋ ਲੱਡੂ ਚੁੱਕ ਆਪ ਉਸ ਵਲ ਵਧਾਉਂਦਿਆਂ ਕਿਹਾ, "ਲੀਜੀਏ ਬੇਗਮ ਸਾਹਿਬਾ ।"

ਹੁਣ ਉਸ ਨੂੰ ਪਗਲੀ ਕੋਈ ਨਾ ਕਹਿੰਦਾ । ਉਹ ਬੇਗਮ ਸੀ, ਜਿਹੜੀ ਅਜੇ ਵੀ ਅਮੀਨਾਬਾਦ ਵਿਚ ਘੁੰਮਦੀ ਦਿਸਦੀ, ਵਾਟਆਂ ਤੇ ਸੁੱਤੀ ਲਭਦੀ ।

ਉਸ ਦੇ ਕਪੜੇ ਫਿਰ ਮੈਲੇ ਹੋ ਗਏ, ਉਸ ਦੇ ਮੂੰਹ ਉਤੇ ਅਗਰਾਲਾਂ ਲਗ ਗਈਆਂ, ਵਾਲ ਖਰ੍ਹਵੇ ਤੇ ਰੁੱਖੇ ਹੋ ਗਏ, ਪਰ ਉਸ ਨੂੰ ਹੁਣ ਕੋਈ ਪਗਲੀ ਨਾ ਕਹਿੰਦਾ ।

ਬੇਗਮ, ਬੇਗਮ ਸਾਹਿਬਾ...ਜਦ ਉਸ ਨੂੰ ਕੋਈ ਬੇਗਮ ਕਹਿੰਦਾ ਉਹ ਮੁਸਕਰਾ ਪੈਂਦੀ, ਨਸਦੀ ਤੇ ਇਸ ਤਰ੍ਹਾਂ ਜਾਪਦਾ ਜਿਵੇਂ ਉਸ ਨੂੰ ਕੁਝ ਚੇਤੇ ਆ ਗਿਆ ਹੈ ।

ਫਿਰ ਇਕ ਦਿਨ ਬੇਗਮ ਸੋਹਣੇ ਸੋਹਣੇ ਕਪੜੇ ਪਾ ਨਰੈਣ ਸੇਠ ਦੀ ਦੁਕਾਨ ਸਾਹਵੇਂ ਆ ਖਲੋਤੀ । ਉਸ ਦੇ ਛੱਤੇ ਖੁਸ਼ਬੂ ਨਾਲ ਭਿੱਜੇ ਪਏ ਸਨ । ਉਸ ਦੇ ਅੰਗ ਅੰਗ ਵਿਚੋਂ ਹਾਸੀ ਫੁਟ ਰਹੀ ਸੀ । ਉਸ ਦੇ ਨਕਸ਼ ਉਘੜੇ ਉਘੜੇ ਸਨ, ਤੇ ਉਸ ਨੇ ਆਪਣੇ ਸਿਰ ਦੇ ਝੁਕਾ ਨਾਲ ਹੱਥ ਉੱਚਾ ਕਰ ਕੇ ਸੇਠ ਜੀ ਨੂੰ ਆਦਾਬ ਕੀਤਾ, ਇਹ ਤੱਕ ਸੇਠ ਜੀ ਦਾ ਹਾਸਾ ਨਿਕਲ ਗਿਆ ਤੇ ਉਹਨਾਂ ਨੂੰ ਜਾਪਿਆ ਜਿਵੇਂ ਕੋਈ ਭੁੱਲੀ ਮਿੱਠੀ ਯਾਦ ਚੇਤੇ ਆ ਗਈ ਹੋਵੇ..."ਬੇਗਮ ਸਾਹਿਬਾ ਆਜ ਕਿਆ ਖਾਈਏਗਾ ?"

"ਬਦਾਨਾ ਸੇਠ ਸਾਹਿਬ ।"

ਪਗਲੀ ਨੇ ਬਦਾਨਾ ਸ਼ਬਦ ਇਸ ਤਰ੍ਹਾਂ ਕਿਹਾ ਜਿਵੇਂ ਉਹ ਬੇਗਮ ਹੀ ਹੁੰਦੀ ਏ ।

ਉਹ ਬਦਾਨਾ ਖਾਂਦੀ ਨਜ਼ੀਰਾਬਾਦ ਬਾਜ਼ਾਰ ਵਲ ਚਲੀ ਗਈ । ਉਹ ਜਿਥੋਂ ਲੰਘਦੀ ਲੋਕਾਂ ਦੇ ਮੂੰਹ ਖੁਲ੍ਹੇ ਰਹਿ ਜਾਂਦੇ । ਉਹ ਕਿਸੇ ਵਲ ਤੱਕਦੀ ਨਾ । ਉਸ ਦਾ ਗੋਰਾ ਗੋਰਾ ਮੂੰਹ, ਕਜਲਾਈਆਂ ਅੱਖਾਂ, ਉਸ ਦਾ ਲਖਨਵੀ ਕਾਟ ਦਾ ਰੇਸ਼ਮੀ ਸੂਟ, ਤੇ ਪੈਰੀਂ ਪਿਆ ਚਿੱਟੇ ਰੰਗ ਦਾ ਤਿੱਲੇ ਵਾਲਾ ਨਾਗਰਾ ਤੇ ਉਸ ਦੀ ਮਗ਼ਰੂਰ ਜਿਹੀ ਚਾਲ ਵੇਖ ਸਭ ਹੈਰਾਨ ਹੁੰਦੇ । ਕਈਆਂ ਕੋਲੋਂ ਉਹ ਸਿੰਞਾਣੀ ਨਾ ਜਾਂਦੀ... ਉਹ ਕਈ ਗਲੀਆਂ ਪਾਰ ਕਰ ਇਕ ਵਡੀ ਹਵੇਲੀ ਸਾਹਮਣੇ ਜਾ ਖਲੋਤੀ । ਉਸ ਨੇ ਛਜੇ ਵਲ ਤੱਕਿਆ, ਵਡੇ ਨਵਾਬ ਸਾਹਿਬ ਆਪਣੇ ਕਮਰੇ ਵਿਚ ਆਰਾਮ ਕਰ ਰਹੇ ਸਨ । ਪਗਲੀ ਨੇ ਨਵਾਬ ਸਾਹਿਬ ਨੂੰ ਇਸ ਤਰ੍ਹਾਂ ਆਦਾਬ ਕੀਤਾ ਜਿਵੇਂ ਉਹਨਾਂ ਨੂੰ ਮੁਦਤ ਤੋਂ ਜਾਣਦੀ ਹੈ । ਤੇ ਅਜ ਕੋਈ ਸ਼ਕਾਇਤ ਲੈ ਕੇ ਆਈ ਹੈ । ਨਵਾਬ ਸਾਹਿਬ ਨੇ ਪਗਲੀ ਨੂੰ ਤੱਕ ਮੂੰਹ ਮੋੜ ਲਿਆ ਤੇ ਛਜੇ ਵਿਚੋਂ ਉਠ ਅੰਦਰ ਆ ਗਏ ।

ਪਗਲੀ ਨੂੰ ਇਸ ਤਰ੍ਹਾਂ ਸ਼ਾਨ ਨਾਲ ਖਲੋਤਿਆਂ ਤਕ ਨਵਾਬ ਸਾਹਿਬ ਨੂੰ ਜਾਪਿਆ ਜਿਵੇਂ ਕੋਈ ਐਕਸੀਡੈਂਟ ਹੋ ਗਿਆ ਹੈ, ਤੇ ਉਹ ਆਪਣੇ ਆਖ਼ਰੀ ਸਾਹ ਤੇ ਹਨ...ਕੌਣ ਹੈ ਉਹਨਾਂ ਕਿਹਾ ? ਬੇਗਮ ਨੂੰ ਫੌਤ ਹੋਇਆਂ ਕਈ ਵਰ੍ਹੇ ਹੋ ਗਏ ਨੇ, ਉਸ ਦੇ ਵਿਜੋਗ ਵਿਚ, ਉਹਨਾਂ ਦੂਜੀ ਸ਼ਾਦੀ ਨਾ ਕੀਤੀ । ਬੱਚੇ ਜਵਾਨ ਸਨ ਤੇ ਉਹ ਵੀ ਜਵਾਨ ਸੀ, ਯਾਮੀਨ ਸਭ ਤੋਂ ਛੋਟਾ ਉਸ ਵੇਲੇ ਦਸਾਂ ਵਰ੍ਹਿਆਂ ਦਾ ਸੀ । ਹੁਣ ਸਭ ਆਪਣੇ ਕੰਮ ਤੇ ਲਗੇ ਨੇ । ਉਹ ਹਵੇਲੀ 'ਚ ਇਕੱਲੇ ਹੀ ਰਹਿੰਦੇ ਨੇ ਜਾਂ ਉਹਨਾਂ ਦਾ ਨੌਕਰ ਕਲੂ । ਕਲੂ ਨੂੰ ਕੀ ਪਤਾ ਹੈ ਇਹ ਐਕਸੀਡੈਂਟ ਕਿਵੇਂ ਹੋ ਗਿਆ ਹੈ । ਉਹ ਮੈਨੂੰ ਬਚਾ ਨਹੀਂ ਸਕਦਾ । ਮੈਨੂੰ ਜ਼ਰੂਰ ਯਾਮੀਨ ਕੋਲ ਜਾਣਾ ਪਵੇਗਾ ।

ਫੇਰ ਮੇਰੇ ਕੀ ਵਸ ਸੀ, ਇਹ ਪਗਲੀ ਬਿਲਕੁਲ ਬੇਗਮ ਵਰਗੀ ਸੀ । ਮੈਂ ਉਹਨੂੰ ਕਈ ਮਹੀਨੇ ਤੱਕਦਾ ਰਿਹਾ । ਉਹ ਹਵੇਲੀ ਅੰਦਰ ਆ ਜਾਂਦੀ । ਨ੍ਹਾ ਧੋ ਦਸਤਰਖ਼ਾਨ ਤੇ ਆ ਬੈਠਦੀ । ਉਹ ਬੋਲਦੀ ਨਾ, ਪਰ ਉਸ ਨੂੰ ਬੈਠਣ ਦਾ ਤਰੀਕਾ ਜ਼ਰੂਰ ਆਉਂਦਾ ਸੀ । ਇਹ ਪਗਲੀ ਬੇਗਮ ਵਰਗੀ ਹੈ ਹੂ-ਬ-ਹੂ ਬੇਗਮ, ਜਿਵੇਂ ਅਜ ਤੋਂ ਵੀਹ ਵਰ੍ਹੇ ਪਹਿਲਾਂ ਇਸ ਹਵੇਲੀ ਵਿਚ ਆਈ ਸੀ, ਪਰ ਮੈਂ ਇਹ ਕੀ ਕੀਤਾ ਬੇਗਮ ਦੇ ਸਾਰੇ ਸਾਂਭੇ ਕਪੜੇ ਪਗਲੀ ਨੂੰ ਪਵਾ ਦਿਤੇ । ਉਹ ਗ਼ੁਸਲਖ਼ਾਨੇ ਵਿਚ ਮਲ ਮਲ ਕੇ ਨਹਾਂਦੀ ਰਹੀ ਬੇਗਮ ਵਾਂਗ...ਬੇਗਮ ਰਾਹਿਤ ਬਾਨੋ...ਪਗਲੀ ਆਪਣੇ ਆਪ ਨੂੰ ਬੇਗਮ ਅਖਵਾਣ ਲਗ ਪਈ ਹੈ । ਨਵਾਬ ਸਾਹਿਬ ਕਮਰੇ ਵਿਚ ਟਹਿਲਦੇ ਸੋਚ ਰਹੇ ਸਨ ਤੇ ਉਹਨਾਂ ਦੇ ਮੂੰਹੋਂ ਨਿਕਲ ਗਿਆ, 'ਕਲੂ ਮੇਰਾ ਸਾਮਾਨ ਤਿਯਾਰ ਕਰੋ, ਮੈਂ ਹੈਦਰਾਬਾਦ ਜਾ ਰਹਾ ਹੂੰ । ਤੁਮ ਭੀ ਤਯਾਰ ਹੋ ਜਾਓ...।"

ਪਗਲੀ ਦੇ ਕਪੜੇ ਫਿਰ ਪਾਟ ਗਏ, ਪਰ ਉਸ ਦੇ ਅੰਗਾਂ ਵਿਚ ਗੋਲਾਈਆਂ ਬਣ ਰਹੀਆਂ ਸਨ । ਉਸ ਦਾ ਆਪਣਾ ਆਪ ਭਾਰਾ ਭਾਰਾ ਹੋ ਗਿਆ ਸੀ । ਉਹ ਜਿਥੋਂ ਲੰਘਦੀ ਲੋਕ ਉਸ ਨੂੰ ਹਾਸੀ ਕਰਦੇ । ਉਹ ਚੁੱਪ ਸੀ, ਉਹ ਗੁੰਮ ਸੀ ਤੇ ਇਹ ਲੀਰਾਂ ਲੱਥੇ ਕਪੜੇ ਹੀ ਸਨ, ਜਿਨ੍ਹਾਂ ਕਦੇ ਉਸ ਦੇ ਰੂਪ ਨੂੰ ਸਜਾਇਆ ਸੀ । ਉਹ ਸੇਠ ਜੀ ਦੀ ਦੁਕਾਨ ਸਾਹਮਣੇ ਜਾ ਖਲੋਤੀ ਤਾਂ ਸੇਠ ਜੀ ਨੇ ਉਹਦੇ ਜਿਸਮ ਦੀ ਬਣਤਰ ਤੱਕ ਅੱਖਾਂ ਮੀਟ ਲਈਆਂ ਤੇ ਨੌਕਰ ਨੂੰ ਕਿਹਾ, "ਦੇ ਓਏ ਕੁਝ ਬੇਗਮ ਨੂੰ ।"

ਕਹਿੰਦੇ ਨੇ ਫਿਰ ਬੇਗਮ ਗੁੰਮ ਹੋ ਗਈ ਤੇ ਕਈ ਆਖਦੇ ਨੇ ਉਸ ਨੂੰ ਸੂਤਰ ਦੇ ਕਾਰਖ਼ਾਨੇ ਵਿਚ ਕੰਮ ਕਰਦਿਆਂ ਤੱਕਿਆ ਹੈ । ਉਸ ਦੇ ਕੁਛੜ ਉਸ ਵਰਗਾ ਹੀ ਸੋਹਣਾ ਮੁੰਡਾ ਹੈ ਤੇ ਹਸਦੇ ਬੱਚੇ ਨੂੰ ਤੱਕ ਅਕਸਰ ਕਹਿੰਦੀ ਹੈ, "ਨਵਾਬ ਸਾਹਿਬ ਅਬ ਤੁਮ ਹਮੇਂ ਪਹਿਚਾਨਤੇ ਹੀ ਨਹੀਂ ।"

# ਔਰਤਾਂ

(ਅਜੀਤ ਕੌਰ)

**ਸਵੇਰ** ਸਾਰ ਜਦੋਂ ਪ੍ਰਭਾਤ ਦਾ ਚਾਨਣ ਧਰਤੀ ਦੇ ਵਿਹੜੇ ਅੰਜਾਣੇ ਬਾਲ ਵਾਂਗੂੰ ਰਿੜ੍ਹਨ ਲਗਦਾ, ਮੈਂ ਕੰਮ 'ਤੇ ਜਾਣ ਲਈ ਘਰੋਂ ਨਿਕਲਦੀ।

ਸਵੇਰ ਸਾਰ ਓਸ ਹਵਾ ਵਿਚ ਵੀ ਇਕ ਖ਼ੁਮਾਰ ਹੁੰਦਾ। ਓਸ ਖ਼ੁਮਾਰ ਦਾ ਖ਼ਾਮੋਸ਼ ਹੁੰਗਾਰਾ ਭਰਦੀ ਮੈਂ ਬਸ ਸਟਾਪ ਵਲ ਟੁਰਦੀ ਜਾਂਦੀ ਸਾਂ — ਤੇ ਜਿਵੇਂ — ਕਿਸੇ ਨੇ ਓਸ ਹੁਸੀਨ ਸਵੇਰ ਦੇ ਮੂੰਹ 'ਤੇ ਕੱਸ ਕੇ ਇਕ ਚਪੇੜ ਮਾਰੀ।

ਚਪੇੜ ਮੇਰੀਆਂ ਅੱਖਾਂ ਦੇ ਸਾਹਮਣੇ ਕਿਸੇ ਦੀ ਗੱਲ੍ਹ 'ਤੇ ਪਈ ਸੀ, ਪਰ ਉਹ ਹੁਸੀਨ ਸਵੇਰ ਵਰਗੀ ਖ਼ੂਬਸੂਰਤ ਗੱਲ੍ਹ ਨਹੀਂ ਸੀ, ਉਹ ਇਕ ਮੈਲੇ ਕਪੜਿਆਂ ਵਾਲੀ ਔਰਤ ਦੀ ਸਾਂਵਲੀ ਗੱਲ੍ਹ ਸੀ।

ਸਾਹਮਣੇ ਸੜਕ 'ਤੇ ਇਕ ਮਰਦ ਖੜਾ ਸੀ, ਜੋ ਬਹੁਤ ਗ਼ੁੱਸੇ ਵਿਚ ਸੀ। ਖੁੰਬ ਵਰਗੇ ਚਿੱਟੇ ਉਹਦੇ ਕਪੜੇ ਸਨ, ਤੇ ਹਨੇਰੇ ਵਰਗਾ ਕਾਲਾ ਉਹਦਾ ਜਿਸਮ ਸੀ। ਉਹਦੇ ਇਕ ਹੱਥ ਵਿਚ ਸਾਈਕਲ ਦਾ ਹੈਂਡਲ ਸੀ।

ਕੋਲ ਉਹਦੇ ਇਕ ਮੈਲੀ ਜਿਹੀ ਧੋਤੀ ਵਿਚ ਲਿਪਟੀ ਕੰਬਦੀ ਕੰਬਦੀ ਸਾਂਵਲੀ ਜਿਹੀ ਔਰਤ ਖੜੀ ਸੀ, ਜਿਹਦਾ ਹੱਥ ਓਸ ਗੱਲ੍ਹ ਦੀ ਪੀੜ ਨੂੰ ਕੱਜਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਹਦੇ 'ਤੇ ਹੁਣੇ ਓਸ ਮਰਦ ਨੇ ਆਪਣੀ ਮਰਦਾਨਗੀ ਦੇ ਸਾਰੇ ਜ਼ੋਰ ਨਾਲ ਭਰੀ ਇਕ ਚਪੇੜ ਮਾਰੀ ਸੀ।

ਓਸ ਔਰਤ ਦੀਆਂ ਸਿਸਕੀਆਂ ਪਾਗਲਾਂ ਵਾਂਗੂੰ ਉਹਦੇ ਅੱਥਰੂਆਂ ਦੇ ਗਲ ਲੱਗ ਕੇ ਰੋ ਰਹੀਆਂ ਸਨ। ਮੈਲੀ ਪਾਟੀ ਹੋਈ ਧੋਤੀ ਦੇ ਹੇਠਾਂ ਉਹਦੀ ਹਿੱਕ ਟੁੱਟੇ ਖੰਭਾਂ ਵਾਲੀ ਜ਼ਖ਼ਮੀ ਘੁੱਗੀ ਵਾਂਗੂੰ ਫੜਫੜਾ ਰਹੀ ਸੀ।

ਤੇ ਮੇਰੇ ਵੇਖਦਿਆਂ ਵੇਖਦਿਆਂ ਓਸ ਮਰਦ ਨੇ ਸਾਈਕਲ ਚੁਕ ਕੇ ਓਸ ਔਰਤ ਦੀ ਪਿੱਠ ਵਿਚ ਮਾਰਿਆ। ਉਹ ਜ਼ਮੀਨ 'ਤੇ ਡਿਗ ਪਈ। ਤੇ ਫੇਰ ਸਾਈਕਲ...ਠੁੱਡੇ.. ਲੱਤਾਂ...

ਮੈਂ ਕੋਲ ਪਹੁੰਚ ਚੁਕੀ ਸਾਂ। ਘਬਰਾ ਕੇ ਉਹਦੇ ਉਲਰੇ ਹੋਏ ਸਾਈਕਲ ਦਾ ਅਗਲਾ ਪਹੀਆ ਮੈਂ ਫੜ ਲਿਆ।

"ਕਿਉਂ ਮਾਰਤਾ ਹੈ ?" ਇਕ ਗ਼ੁੱਸਾ ਅੱਗ ਬਣ ਕੇ ਮੇਰੀ ਹਿੱਕ ਵਿਚ ਬਲ ਰਿਹਾ ਸੀ — ਓਸ ਮਰਦ 'ਤੇ, ਜਿਹੜਾ ਮਰਦ ਹੋਣ ਦਾ ਸਬੂਤ ਪੇਸ਼ ਕਰ ਰਿਹਾ ਸੀ, ਓਸ ਔਰਤ 'ਤੇ, ਜਿਹੜੀ ਸੜਕ 'ਤੇ ਡਿੱਗੀ ਮਾਰ ਖਾਈ ਜਾ ਰਹੀ ਸੀ।

"ਰੋਤੀ ਕਿਉਂ ਹੈ ਸਾਲੀ ? ਆਵਾਜ਼ ਕਿਉਂ ਨਿਕਾਲਤੀ ਹੈ ?"

ਓਹ ! ਤਾਂ ਇਹ ਬਾਅਦ ਵਾਲੀ ਮਾਰ ਆਵਾਜ਼ ਨਿਕਲਣ ਦੇ ਜੁਰਮ ਦੀ ਸਜ਼ਾ ਸੀ।



ਮਰਦ ਦੇ ਪਾਨ ਨਾਲ ਰੰਗੇ ਸੁਰਖ਼ ਹੋਠ ਗ਼ੁੱਸੇ ਵਿਚ ਕੰਬ ਰਹੇ ਸਨ।

ਸੜਕ ਤੇ ਝਾੜੂ ਦੇਂਦਾ ਜਮਾਦਾਰ ਵੀ ਕੋਲ ਆ ਗਿਆ — ਸ਼ਾਇਦ ਮੈਨੂੰ ਸਾਈਕਲ ਦਾ ਪਹੀਆ ਫੜਿਆ ਵੇਖ ਕੇ।

"ਨਾ ਭਾਈ, ਸੜਕ 'ਤੇ ਨਾ ਮਾਰ ਸੂ," ਜਮਾਦਾਰ ਨੇ ਕਿਹਾ।

"ਸੜਕ 'ਤੇ ਨਾ ਮਾਰ; ਘਰ ਜਾ ਕੇ ਜੋ ਜੀਅ ਕਰਦਾ ਈ, ਕਰੀਂ। ਕੰਧਾਂ ਦੇ ਉਹਲੇ ਭਾਵੇਂ ਜੋ ਦਿਲ ਕਰੇ ਕਰ ਲਵੇ। ਪਰ ਓਹੀ ਗੱਲ ਜੇ ਸਭ ਦੇ ਸਾਹਮਣੇ ਸੜਕ 'ਤੇ ਕੀਤੀ ਜਾਵੇ, ਤਾਂ ਕੀਮਤਾਂ ਦਾ ਤਵਾਜ਼ਨ ਡੋਲਦਾ ਏ। ਦਰੁਸਤ !"

"ਗ਼ੁੱਸੇ ਵਿਚ ਕੰਬਦਾ ਉਹ ਮਰਦ ਕਹਿ ਰਿਹਾ ਸੀ, "ਹਮਰਾ ਔਰਤ ਹੈ... ਹਮ ਮਾਰੇ, ਪੀਟੇ, ਜੋ ਕਰੇ ! ਹਮਰਾ ਅਉਰਤ ਹੈ।"

ਮੇਰੀ ਮੱਝ ਏ, ਮੇਰੀ ਗਾਂ ਏ, ਮੈਂ ਇਹਦੇ ਕੋਲੋਂ ਜੋ ਜੀਅ ਕਰਦਾ ਏ, ਕੰਮ ਲਵਾਂ, ਜਿਵੇਂ ਜੀਅ ਕਰੇ ਰਖਾਂ। ਮੇਰੀ ਕੁਰਸੀ ਏ, ਮੇਰਾ ਮੇਜ਼ ਏ, ਭਾਵੇਂ ਮੈਂ ਇਹਨੂੰ ਤੋੜਾਂ, ਭੰਨਾਂ, ਤੇ ਚੁੱਲ੍ਹੇ ਵਿਚ ਬਾਲ ਲਵਾਂ, ਭਾਵੇਂ ਮੈਂ ਇਹਨੂੰ ਝਾੜ ਕੇ ਪੂੰਝ ਕੇ ਰਖਾਂ; ਜੋ ਜੀਅ ਕਰਦਾ ਏ, ਕਰਾਂ। ਕਿਸੇ ਨੂੰ ਕੀ ?

ਦੋ ਚਾਰ ਹੋਰ ਲੋਗ ਵੀ ਆ ਗਏ। ਸਾਹਮਣੇ ਘਰ ਵਿਚੋਂ ਦਾਤਨ ਕਰਦਾ ਇਕ ਬਾਬੂ ਨਿਕਲ ਆਇਆ।

ਉਹ ਮਰਦ ਸਾਰਿਆਂ ਨਾਲ ਗੱਲਾਂ ਕਰਨ ਲਗਾ। ਉੱਚੀ ਉੱਚੀ ਬੋਲ ਕੇ ਆਪਣੀ ਸਫ਼ਾਈ ਪੇਸ਼ ਕਰਨ ਲੱਗਾ, "ਯਿਹ ਔਰਤ ਖ਼ਰਾਬ ਹੈ, ਬਦਮਾਸ਼ ਹੈ।" ਓਹੀ ਸਫ਼ਾਈ, ਜਿਹੜੀ ਹਰ ਮਰਦ ਦੇਂਦਾ ਏ।

ਔਰਤ ਦੀ ਬਾਂਹ ਫੜ ਕੇ ਮੈਂ ਉਹਨੂੰ ਨਾਲ ਵਾਲੀ ਗਲੀ ਵਿਚ ਲੈ ਗਈ।

ਪਰ ਮੈਨੂੰ ਉਹਦੇ 'ਤੇ ਗ਼ੁੱਸਾ ਆ ਰਿਹਾ ਸੀ, ਰਹਿ ਰਹਿ ਕੇ ਗ਼ੁੱਸਾ ਆ ਰਿਹਾ ਸੀ — ਇੰਜ ਸੜਕ 'ਤੇ ਡਿੱਗ ਕੇ ਉਹਨੇ ਮਾਰ ਖਾਧੀ ਕਿਉਂ ?

ਤੇ ਫੇਰ ਹੌਲੀ ਹੌਲੀ ਉਹਨੇ ਰੋਂਦਿਆਂ ਰੋਂਦਿਆਂ ਮੈਨੂੰ ਟੁੱਟੀ ਭੱਜੀ ਹਿੰਦੀ ਵਿਚ ਆਪਣੀ ਗੱਲ ਦੱਸੀ। ਹਟਕੋਰੇ, ਸਿਸਕੀਆਂ, ਅੱਥਰੂ ਉਹਦੇ ਬੋਲਾਂ ਨੂੰ ਬੇਰਹਿਮੀ ਨਾਲ ਝੰਜੋੜਦੇ ਰਹੇ।

ਉਹ ਮਦਰਾਸਣ ਸੀ। ਮਦਰਾਸ ਵਿਚੋਂ ਰੋਜ਼ੀ ਦੀ ਤਲਾਸ਼ ਵਿਚ ਉਹ ਲੋਗ ਦਿੱਲੀ ਆ ਗਏ ਸਨ। ਏਥੇ ਆ ਕੇ ਉਹਨੂੰ ਭਾਂਡੇ ਮਾਂਜਣ ਲਈ ਦੋ ਤਿੰਨ ਘਰ ਮਿਲ ਗਏ। ਉਹਨੇ ਕੰਮ ਕਰਨਾ ਸ਼ੁਰੂ ਕੀਤਾ, ਤੇ ਉਹਦੇ ਮਰਦ ਨੂੰ ਆਰਾਮ ਨਾਲ ਬੈਠ ਕੇ ਪਾਨ ਖਾਣ ਤੇ ਬੀੜੀ ਪੀਣ ਵਿਚ ਬੜਾ ਲੁਤਫ਼ ਆਉਣ ਲੱਗਾ।

ਹੁਣ ਉਹ ਸਵੇਰੇ ਮੂੰਹ ਹਨੇਰੇ ਤੋਂ ਲੈ ਕੇ ਰਾਤੀਂ ਗਿਆਰਾਂ ਵਜੇ ਤਕ ਕੰਮ ਕਰਦੀ ਸੀ। ਨੌਂ ਘਰਾਂ ਦੇ ਭਾਂਡੇ ਮਾਂਜਦੀ ਸੀ, ਦੋਵੇਂ ਵੇਲੇ। ਤੇ ਉਹਦਾ ਘਰ ਵਾਲਾ ਦੁੱਧ ਵਰਗੀ ਚਿੱਟੀ ਬੁਨੈਣ ਪਾ ਕੇ ਤੇ ਧੋਤੀ ਤੇ ਪੱਗ ਬੰਨ੍ਹ ਕੇ ਉਹਨੂੰ ਸਾਈਕਲ ਦੇ ਪਿੱਛੇ ਬਿਠਾ ਕੇ ਆਪਣੀ ਝੁੱਗੀ ਵਿਚੋਂ ਏਸ ਮਹੱਲੇ ਵਿਚ ਲੈ ਆਉਂਦਾ ਸੀ, ਜਿਥੇ ਉਹ ਭਾਂਡੇ ਮਾਂਜਦੀ ਸੀ। ਤੇ ਫੇਰ ਸਾਰਾ ਦਿਨ ਉਹ ਕਦੇ ਕਿਸੇ ਪਾਨ-ਬੀੜੀ ਵਾਲੀ ਦੁਕਾਨ 'ਤੇ ਬੈਠਾ ਗੱਪਾਂ ਮਾਰਦਾ ਰਹਿੰਦਾ, ਕਦੇ

ਪਾਰਕ ਵਿਚ ਸੌਂ ਜਾਂਦਾ, ਕਦੇ ਸਾਈਕਲ 'ਤੇ ਚੜ੍ਹ ਕੇ ਘੁੰਮਦਾ ਰਹਿੰਦਾ, ਤੇ ਬੀਵੀ ਉਹਦੀ ਲੋਕਾਂ ਦੇ ਜੂਠੇ ਬਰਤਨ ਸਾਫ਼ ਕਰਦੀ ਰਹਿੰਦੀ।

ਅੱਜ ਝਗੜਾ ਏਸ ਗੱਲ ਤੋਂ ਹੋ ਰਿਹਾ ਸੀ ਕਿ ਉਹ ਭਾਂਡੇ ਮਾਂਜਣ ਵਾਲਾ ਇਕ ਘਰ ਹੋਰ ਲਾ ਲਵੇ। ਤੇ ਉਹ ਕਹਿੰਦੀ ਸੀ ਕਿ ਇਕ ਹੋਰ ਘਰ ਦਾ ਕੰਮ ਕਰਨ ਲਈ ਵਕਤ ਹੀ ਕਿਥੇ ਸੀ ? ਉਹਦੀਆਂ ਹੱਡੀਆਂ ਵਿਚ ਹੋਰ ਘਿਸਣ ਦੀ ਆਂਗਸ ਹੀ ਕਿਥੇ ਸੀ ?

ਤੇ ਏਸੇ ਗੱਲੋਂ ਉਹਨੂੰ ਮਾਰ ਪੈ ਰਹੀ ਸੀ।

ਇਕ ਭਾਂਬੜ ਸੀ, ਜਿਹੜਾ ਮੇਰੀ ਹਿੱਕ ਵਿਚ ਬਲ ਰਿਹਾ ਸੀ; ਇਕ ਗੁੱਸਾ ਸੀ, ਜਿਹੜਾ ਮੇਰੇ ਸਿਰ ਵਿਚ ਤੇਜ਼ ਹਨੇਰੀ ਵਾਂਗੂੰ ਝੁਲ ਰਿਹਾ ਸੀ।

"ਤੇ ਤੂੰ ਉਹਨੂੰ ਛੱਡ ਕਿਉਂ ਨਹੀਂ ਦੇਂਦੀ ? ਕਿਸੇ ਇਕੋ ਘਰ ਵਿਚ ਸਾਰੇ ਦਿਨ ਦਾ ਕੰਮ ਕਿਉਂ ਨਹੀਂ ਲਭ ਲੈਂਦੀ ? ਰਾਤੀਂ ਸੌਣ ਦੀ ਹੀ ਮੁਸ਼ਕਲ ਏ ਨਾ। ਜਿਥੇ ਕੰਮ ਕਰੇਂਗੀ, ਉਥੇ ਹੀ ਸੌਂ ਰਿਹਾ ਕਰੀਂ," ਮੈਂ ਉਹਨੂੰ ਸਮਝਾਇਆ।

ਪਰ ਏਸ ਗੱਲ ਦੀ ਤਾਂ ਉਹਨੂੰ ਅੱਗੇ ਹੀ ਸਮਝ ਸੀ। ਪਰ...

"ਬੀਬੀ, ਮੇਰਾ ਏਕ ਬੱਚਾ ਹਏ.. ਵੂਹ ਨਹੀਂ ਦੇਵੇ ਯਿਹ...।"

ਓਹ ! ਤਾਂ ਉਸ ਮਰਦ ਨੂੰ ਪਤਾ ਸੀ ਕਿ ਉਹ ਕਿਧਰੇ ਨਹੀਂ ਜਾ ਸਕਦੀ, ਕਿਉਂਕਿ ਉਹਦਾ ਬੱਚਾ ਉਹਦੇ ਕਬਜ਼ੇ ਵਿਚ ਸੀ।

ਏਸ ਗੱਲ ਦਾ ਮੇਰੇ ਕੋਲ ਕੋਈ ਜੁਆਬ ਨਹੀਂ ਸੀ। ਏਸ ਗੱਲ ਦਾ ਕਿਸੇ ਕੋਲ ਵੀ ਕੋਈ ਜਵਾਬ ਨਹੀਂ ਸੀ।

ਮੈਂ ਉਹਨੂੰ ਓਥੇ ਹੀ ਛੱਡ ਕੇ ਬਸ ਸਟਾਪ ਵਲ ਟੁਰ ਪਈ।

ਪਤਾ ਨਹੀਂ ਕਿੰਜ ਮੈਨੂੰ ਇਕ ਬੜੀ ਪੁਰਾਣੀ ਗੱਲ ਯਾਦ ਆਈ।

ਇਕ ਵਾਰੀ ਲਾਹੌਰ ਭਾਟੀ ਦੇ ਚੌਕ ਵਿਚ ਇਕ ਟਾਂਗਾ ਲੰਘਦਾ ਜਾ ਰਿਹਾ ਸੀ। ਓਸ ਦੀ ਪਿਛਲੀ ਸੀਟ 'ਤੇ ਇਕ ਤਹਿਮਤ ਵਾਲਾ ਬੰਦਾ ਬੈਠਾ ਹੋਇਆ ਸੀ, ਤੇ ਹੇਠਾਂ ਉਹਦੇ ਪੈਰਾਂ ਵਿਚ ਇਕ ਚਿੱਟਾ ਦੁੱਧ ਵਰਗਾ ਵੱਡਾ ਸਾਰਾ ਵੱਛਾ ਸੀ। ਸਿਗਰਟ ਦੇ ਧੂੰਏਂ ਦੇ ਗੁੱਛੇ ਬਣਾ ਕੇ ਉਹ ਹਵਾ ਵਿਚ ਛਡ ਰਿਹਾ ਸੀ, ਤੇ ਅਗਲੇ ਪਾਸੇ ਮੂੰਹ ਕਰ ਕੇ ਟਾਂਗੇ ਵਾਲੇ ਨਾਲ ਹੱਸ ਹੱਸ ਕੇ ਗੱਪਾਂ ਮਾਰ ਰਿਹਾ ਸੀ।

ਤੇ ਟਾਂਗੇ ਦੇ ਮਗਰੇ ਮਗਰ ਇਕ ਗਾਂ ਚੁੱਪ ਚਾਪ ਦੌੜੀ ਜਾ ਰਹੀ ਸੀ।

ਓਹ ਜ਼ਬਾਹ-ਖ਼ਾਨੇ ਵਲ ਜਾ ਰਹੇ ਸਨ।

ਗਾਂ ਜ਼ਬਾਹ-ਖ਼ਾਨੇ ਵਲ ਜਾ ਰਹੀ ਸੀ। ਆਪ ਆਪਣੇ ਪੈਰਾਂ ਨਾਲ ਦੌੜਦੀ। ਉਹਦੇ ਗਲ ਵਿਚ ਰੱਸਾ ਵੀ ਕੋਈ ਨਹੀਂ ਸੀ, ਪਰ ਉਹ ਦੌੜੀ ਜਾ ਰਹੀ ਸੀ। ਕਿਉਂਕਿ ਟਾਂਗੇ ਵਿਚ ਓਸ ਬੰਦੇ ਦੇ ਪੈਰਾਂ ਵਿਚ ਉਹਦਾ ਵੱਛਾ ਬੈਠਾ ਸੀ।

---

ਦੋ ਕਹਾਣੀ ਸੰਗ੍ਰਹਿ

ਸੁਪਨਿਆਂ ਦੀ ਸ਼ਾਮ ... ਬੂਟਾ ਸਿੰਘ

ਮਹਿਕ ਦੀ ਮੌਤ ... ਅਜੀਤ ਕੌਰ

## ਉਪਾਅ

(ਮਾਸਕ-ਪੱਤਰ 'ਦੀਦ' ਪਟਿਆਲਾ ਦੇ ਨਵੰਬਰ '73 ਅੰਕ 'ਚੋਂ)

ਇਕ ਨਗਰਪਾਲਿਕਾ ਨੇ ਨਗਰ ਦੇ ਵਿਚਕਾਰ ਇਕ ਸੁੰਦਰ ਬਗੀਚਾ ਲਗਵਾਇਆ। ਬਗੀਚੇ ਦੇ ਨੇੜੇ ਏਨੀ ਭੀੜ ਹੋਣ ਲੱਗੀ ਕਿ ਉਹ ਸਥਾਨ ਦੁਰਘਟਨਾਵਾਂ ਦਾ ਕੇਂਦਰ ਬਣ ਗਿਆ।

ਨਗਰਪਾਲਿਕਾ ਨੇ ਇਕ ਵਿਸ਼ੇਸ਼ ਬੈਠਕ ਬੁਲਾਈ ਅਤੇ ਇਸ ਵਿਸ਼ੇ ਤੇ ਸੋਚ-ਵਿਚਾਰ ਕੀਤੀ।

ਕਿਸੇ ਨੇ ਕਿਹਾ, ਬਗੀਚਾ ਤੋੜ ਕੇ ਦੁਕਾਨਾਂ ਬਣਾ ਲਈਆਂ ਜਾਣ। ਕਿਸੇ ਨੇ ਕਿਹਾ ਬਗੀਚੇ ਵਿਚ ਆਉਣ ਵਾਲਿਆਂ ਤੇ ਰੋਕ ਲਾ ਦੇਵੋ। ਕਿਸੇ ਨੇ ਕਿਹਾ ਬਗੀਚੇ ਵਿਚ ਜਾਣ ਵਾਲਿਆਂ ਤੇ ਟੈਕਸ ਲਾ ਦਿਤਾ ਜਾਵੇ ਤਾਂ ਸਮੱਸਿਆ ਹੱਲ ਹੋ ਸਕਦੀ ਹੈ। ਪਰ ਅੰਤ ਵਿਚ ਨਗਰਪਾਲਿਕਾ ਨੇ ਜਿਹੜਾ ਫੈਸਲਾ ਕੀਤਾ ਉਹ ਅਨੂਠਾ ਸੀ।

ਦੂਜੇ ਦਿਨ ਬਗੀਚੇ 'ਚ ਸਥਾਈ ਬੋਰਡ ਰਖਵਾ ਦਿਤਾ ਜਿਸ ਤੇ ਲਿਖਿਆ ਸੀ ' ਅੱਜ ਤੋਂ ਏਥੇ ਰੋਜ਼ ਸ਼ਾਮ ਨੂੰ ਕਿਸੇ ਨਾ ਕਿਸੇ ਮੰਤਰੀ ਦੇ ਭਾਸ਼ਣ ਦਾ ਪ੍ਰਬੰਧ ਕੀਤਾ ਜਾਵੇਗਾ। ਤੁਹਾਡੀ ਹਾਜ਼ਰੀ ਜਰੂਰੀ ਹੈ " ਕਹਿੰਦੇ ਨੇ, ਉਸ ਪਿਛੋਂ ਭੀੜ ਤੇ ਦੁਰਘਟਨਾਵਾਂ, ਦੋਵੇਂ ਟਲ ਗਈਆਂ।

---

## ਰਾਜ਼

(ਰਾਜ)

"ਸਰਪੰਚ ਸਾਹਿਬ, ਤੁਹਾਡਾ ਹਰ ਚੋਣ 'ਚ ਸਰਪੰਚ ਚੁਣੇ ਜਾਣ ਦਾ ਕੀ ਰਾਜ਼ ਹੈ ?"

"ਪੁੱਤਰਾ, ਚੋਣ ਜਿੱਤਣਾ ਤਾਂ ਬਹੁਤ ਸੌਖਾ ਕੰਮ ਏ।"

"ਉਹ ਕਿਵੇਂ ਸਰਪੰਚ ਸਾਹਿਬ ?"

"ਚੋਣਾਂ ਦੇ ਦਿਨਾਂ 'ਚ ਆਪਣੇ ਗਲ 'ਚ ਦੁਪੱਟਾ ਪਾ ਲਵੋ। ਜੋ ਵੋਟਰ ਮਿਲੇ ਦੁਪੱਟਾ ਉਸ ਤੇ ਚਰਨਾਂ 'ਤੇ ਰੱਖ ਕੇ ਕਹੋ, ਬੇੜੀ ਡੁੱਬਦੀ ਜਾਂਦੀ ਏ, ਹੁਣ ਤਾਂ ਤੇਰੇ ਰੱਖਣ ਤੇ ਆ ਦੋਸਤਾ।"

"ਤੇ ਫਿਰ...?"

"ਫਿਰ ਜਦੋਂ ਜਿੱਤ ਜਾਵੋ, ਉਹ ਹੀ ਦੁਪੱਟਾ ਵੋਟਰ ਦੇ ਗਲ 'ਚ ਪਾ ਲਵੋ।"

"ਉਹ ਕਿਉਂ ?"

"ਇਹ ਸੂਤ ਹੀ ਇਵੇਂ ਆਉਂਦੇ ਆ।"

ਧੋਖੇ ਤੋਂ ਬਚੋ ! ਸ੍ਰ: ਸੁਰਜਨ ਸਿੰਘ ਗਿੱਲ ਨੂੰ ਸੇਵਾ ਦਾ ਮੌਕਾ ਦਿਓ !!

# S. SURJAN SINGH GILL

OFFERS TWO TYPES OF SERVICES



ਸੁਰਜਨ ਸਿੰਘ ਗਿੱਲ
ਫ਼ੋਨ:
524-5244, 879-9040, 879-9603

## Gill International Travel Service

1113-6th Ave., New Westminster, B.C., Canada. Tel: 524-5244 or 879-9040
Mailing Address: Box# 77057, Station S., Vancouver 16, B. C., Canada.
# 4-2414 MAIN STREET, VANCOUVER, B.C. (RES. 879-9603)

ENGLAND? FRANCE? HOLLAND? SINGAPORE? MALAYA?
JAPAN? AUSTRALIA? MOSCOW? CHINA? NEW ZEALAND?
FIJI?
IN FACT ANYWHERE IN THE WORLD

## COME
## AND MAKE USE OF OUR SERVICES

● IMMIGRATION ● VISA ● PASSPORT
● and anything connected with it

Our Motto is: " LOWER FARES --- MORE TRAVEL --- HIGHER COMFORTS "

COME - WRITE - PHONE - 1113 - 6th AVE., NEW WESTMINSTER, B. C.
Telephones: BUS.: 524-5244 RES.: 879-9040

ਲਿਖੋ - ਮਿਲੋ ਜਾਂ
ਫ਼ੋਨ ਕਰੋ

1113 – 6th AVENUE
NEW WESTMINSTER, B.C.

Telephone No. Bus.: 524-5244.
Res.: 879-9040.
879-9603.

Mailing Address:
Box #77057, Station S. Vancouver 16

ਕੀ ਤੁਸੀ ਕਦੀ ਖਾਲਸਾ ਸਟੋਰ ਵਿਚ ਆਏ ਹੋ ? ਜੇ ਨਹੀਂ ਤਾਂ ਆਓ - ਏਹ ਤੁਹਾਡਾ ਆਪਣਾ ਸਟੋਰ ਹੈ ।
ਇਥੇ ਤੁਹਾਨੂੰ ਹਿੰਦੁਸਤਾਨੀਆਂ ਖਾਣਿਆਂ ਦੀ ਹਰ ਚੀਜ਼ ਖਾਲਸ ਤੇ ਸਸਤੀ ਮਿਲ ਸਕਦੀ ਹੈ।

# ਖ਼ਾਲਸਾ ਇਮਪੋਰੀਅਮ

**ਵਿਸ਼ੇਸ਼**

* ਮੱਕੀ ਤੇ ਕਣਕ ਦਾ ਆਟਾ
* ਸਾਰੇ ਅਚਾਰ
  ਸਾਰੀਆਂ ਦਾਲਾਂ
* ਸਰ੍ਹੋਂ ਦਾ ਤੇਲ
* ਸਾਰੇ ਮਸਾਲੇ
* ਖਲਾੜੀ ਦਾ ਗੁੜ
* ਗਿਰੀਆਂ
* ਪਾਪੜ
* ਤੇ ਕਈ ਹੋਰ ਪਦਾਰਥ

**ਅਣਮੋਲ ਤੁਹਫ਼ੇ** ਵਿਆਹ ਸ਼ਾਦੀ ਦਾ ਸਾਮਾਨ ਜਿਵੇਂ ਸਿਹਰੇ, ਵੰਗਾਂ, ਪ੍ਰਾਂਦੀਆਂ, ਮਹਿੰਦੀ, ਖੇਪਾ, ਸੈਟ, ਕੂਜਾ ਮਿਸ਼ਰੀ ਕਿਰਪਾਨਾਂ ਅਤੇ ਅਲਗੋਜ਼ੇ ।

**ਗੱਭਰੂਆਂ ਲਈ** ਕਲੀਆਂ ਵਾਲੇ ਕੁੜਤੇ ਅਤੇ ਕੱਢਵੀਆਂ ਜੁੱਤੀਆਂ

# GOYAL TRAVELS

4160 Fraser St.
Vancouver 10

PHONE: **872-7658**

INDIA : DEPART ANY DAY FOR FOUR MONTHS

ENQUIRE : for other SPECIAL FARE - GROUP & CHARTERS - ENGLAND, FIZI, SINGAPORE OR ANY PART OF THE WORLD.

## ਗੋਇਲ ਟ੍ਰੈਵਲਜ਼

### ਸਸਤੀਆਂ ਟਿਕਟਾਂ ਖਰੀਦੋ!

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਨੂੰ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਓ। ਅਸੀਂ ਪਾਸਪੋਰਟ ਮਹਿਆਰ ਅਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕਰਦੇ ਹਾਂ ਅਤੇ ਓਹ ਸਮੇ ਸਾਡੇ; ਮੋਗਾ, ਜਗਰਾਓਂ ਤੇ ਫਿੱਲੌਰ ਦਫ਼ਤਰਾਂ ਵਿੱਚ ਬੁਕਿੰਗ ਦੀ ਮੁਫ਼ਤ ਮੱਦਦ ਮਿਲਦੀ!

# TRAVEL CONSULTANT

SUKHJINDER GILL

Lowest fares to India, Fizi, Europe, U.K. & anywhere in the world.

PHONE: 879-4903

ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਸਫ਼ਰ ਦਾ ਆਨੰਦ ਮਾਨਣ ਲਈ ਅਤੇ ਪਾਸਪੋਰਟ ਸਹੂਲਤਾਂ, ਵੀਜ਼ਾ ਤੇ ਇੰਮੀਗ੍ਰੇਸ਼ਨ ਫਾਰਮ ਲੈਣ ਲਈ ਸਦਾ ਸੁਖਜਿੰਦਰ ਗਿੱਲ ਨੂੰ ਯਾਦ ਰੱਖੋ!

# RAVI SHANKAR

15 MARCH

ON FRIDAY

AT 8.00 P.M.

QUEEN ELIZABETH

FOR TICKETS

Phone AJANTA FILMS
434-9812 OR 435-6227

## ਨਜ਼ਮ
(ਪਾਸ਼)

ਤੇਰੇ ਕੋਲ ਦਿਲ ਦਾ ਸੱਚ ਕਹਿਣਾ
ਦਿਲ ਦੀ ਬੇਅਦਬੀ ਹੈ
ਸੱਚ ਦੀ ਬੇਅਦਬੀ ਹੈ
ਤੇਰੇ ਕੋਲ ਗਿਲਾ ਕਰਨਾ, ਇਸ਼ਕ ਦੀ ਹੇਠੀ ਹੈ
ਜਾਂ ਤੂੰ ਸ਼ਿਕਾਇਤ ਦੇ ਕਾਬਲ ਹੋ ਕੇ ਆ
ਅਜੇ ਤਾਂ ਮੇਰੀ ਹਰ ਸ਼ਿਕਾਇਤ ਤੋਂ
ਤੇਰਾ ਕੱਦ ਕਿਤੇ ਛੋਟਾ ਹੈ
ਕਦੇ ਵੀ ਗਲ ਸਕਦਾ ਹੈ —
ਮੇਰੇ ਲਹੂ ਵਿੱਚ
ਅਦਾਵਾਂ ਦਾ ਇਕ ਧਸਿਆ ਹੋਇਆ ਚਿੱਬ
ਕਿਸੇ ਵੀ ਵਕਤ ਤੂਫ਼ਾਨਾਂ ਦੀ ਸੌਂਹ ਖਾ
ਸਕਦੀ ਹੈ, ਮੇਰੇ ਦਿਲ ਦੀ ਧਰਤੀ
ਇਹ ਦਰਦ ਖਬਰੀਲਾ ਹੁੰਦਾ ਹੈ, ਜ਼ਿੰਦਗੀ ਵਰਗਾ
ਜ਼ਿੰਦਗੀ, ਜੋ ਗੁਲਸ਼ਨ ਨੰਦਾ ਦਾ ਨਾਵਲ ਨਹੀਂ
ਪਹਾੜੀ ਸੜਕ ਵਾਂਗ ਕਠਿਨ ਹੈ।

## ਉਹ ਜੋ ਸਾਡੇ ਨੇ ਜੋ ਸਾਡੇ ਨਹੀਂ
(ਸ਼ਮਸ਼ੇਰ ਸਿੰਘ ਸੰਧੂ)

ਜੋ ਵੀ ਲੋਕਾਂ ਦੀ ਗੱਲ ਕਰਦਾ ਹੈ-
ਸਾਡਾ ਭਰਾ ਹੈ।
ਰੱਫਾਤੂਰ, ਢਾਕਾ, ਵੀਅਤਨਾਮ -
ਜ਼ੁਲਮ ਜਿੱਥੇ ਵੀ ਹੁੰਦਾ ਹੈ - ਅੰਗ ਸਾਡੇ ਨੇ।
ਉਹ ਜੋ ਚੌੜਿਆਂ ਵਿੱਚ ਪੂਛ ਦੇਕੇ ਵਕਤ ਟਪਾਂਦੇ ਨੇ-
ਸਾਡੇ ਯਾਰ ਨਹੀਂ।
ਇੱਟ ਮਾਰੀ ਖਿੱਦੋ ਵਾਕੁਣ,
ਜੋ ਭਿੜਦੇ ਰਹਿੰਦੇ ਨੇ
ਤੇ ਰੰਗ ਵਟਾ ਲੈਂਦੇ ਨੇ ਜੰਗਲੀ ਗਿਰਗਟ ਵਾਂਗ-
ਸਾਡੇ ਵਿੱਚੋਂ ਨਹੀਂ।

{ਤਿਆਗੀ-ਅਧੀਨ ਕਾਵਿ-ਸੰਗ੍ਰਹਿ
'ਕਸ਼ਮਕਸ਼' ਵਿੱਚੋਂ}

## ਗ਼ਜ਼ਲ
(ਸਰਵਨ 'ਰਾਹੀ')

ਜੇ ਤੂੰ ਮੇਰੇ ਪਾਸ ਨਹੀਂ ਹੈ।
ਤਾਂ ਇਹ ਮੌਸਮ ਰਾਸ ਨਹੀਂ ਹੈ।
ਸਾਡੇ ਹੱਥੀਂ ਖ਼ੂਨ ਦੀ ਮਹਿੰਦੀ,
ਹੋਇਆ ਰੰਗ ਉਦਾਸ ਨਹੀਂ ਹੈ।
ਤੇਰੀ ਤੁਰਸ਼ੀ ਤੇਰਾਂ ਛਾਕੇ,
ਤਨ ਤੇ ਛੱਡਿਆ ਮਾਸ ਨਹੀਂ ਹੈ।
ਖ਼ੂਨੀ ਜੰਗ ਵਿੱਚ ਮਰਨੇ ਵਾਲਾ,
ਸਾਡਾ ਇਹ ਇਤਿਹਾਸ ਨਹੀਂ ਹੈ।
ਪੱਤਝੜਾਂ ਦੇ ਮੌਸਮ ਅੰਦਰ,
ਪੱਤਿਆਂ ਅੰਦਰ ਬਾਸ ਨਹੀਂ ਹੈ।
ਸਾਡੇ ਸਿਰ ਦੀ ਕੀਮਤ ਪਾ ਕੇ,
ਖੱਟਿਆ ਉਨ੍ਹਾਂ ਕਾਸ ਨਹੀਂ ਹੈ।
ਤੇਰੇ ਇਕਰਾਰਾਂ ਦਾ ਸਾਨੂੰ
'ਰਾਹੀ' ਹੁਣ ਵਿਸ਼ਵਾਸ ਨਹੀਂ ਹੈ।

## ਲੋਕ ਗੀਤ
(ਸੀ. ਮਾਰਕੰਡਾ)

ਮਹਿੰਦੀ, ਮਹਿੰਦੀ, ਮਹਿੰਦੀ -
ਵੇਲਾ ਹੁਣ ਕਿਹੜਾ ਆਗਿਆ, ਜੱਟੀ ਤੇਰਾ ਗੱਲ ਨਹੀਂ ਸਹਿੰਦੀ।
ਘਲਦਾਂ ਲਈ ਛੋਲੇ ਮੁੱਕਗੇ, ਕਹਿੰਦੀ ਸੂਟ ਬਿਨਾਂ ਨਾ ਰਹਿੰਦੀ।
'ਮੇਲੂ' ਰੋਜ਼ ਰੋੜ੍ਹੇ ਮਾਰਦਾ, ਕਹਿੰਦਾ ਮੇਰੀ ਹੈ ਇਹੜੀ ਕਿਰਹਿੰਦੀ।
ਮੁੰਡਾ ਨਿੱਤ ਫੀਸ ਮੰਗਦਾ ਕਹਿੰਦਾ ਫ਼ਾਈਨ ਰੋਜ਼ ਸਿਰ ਪੈਂਦੀ।
ਕਣਕ ਚੋਰ ਮੰਡੀ ਲੈ ਗਿਆ, ਮਸਾਂ ਰੋਹ ਦੀ ਤਕਾਈ ਰਹਿੰਦੀ।
ਕਣਕ ਭਾਅ ਕੌਡਾਂ ਦੇ ਵਿਕੀ, ਨਾ ਮਿਹਨਤ ਦੀ ਮੁੱਲ ਪੈਂਦੀ।
ਕੂਕ ਗਰੀਬਾਂ ਦੀ, ਨਾ ਸਰਕਾਰ ਸੁਣੇਂਦੀ!

ਕੁਝ ਕਾਵਿ ਸੰਗ੍ਰਹਿ:

ਲੋਹ ਕਥਾ ..................ਪਾਸ਼
ਰੰਗ ਹੱਸੇ ਰੰਗ ਰੋਏ .. ਸਰਵਨ ਰਾਹੀ
ਸੂਰਜ ਦਾ ਜਨਮ........ਸੀ. ਮਾਰਕੰਡਾ

## ਗ਼ਜ਼ਲ
(ਖ਼ੁਸ਼ਵੰਤ ਕੰਵਲ)

ਦਰਦਾਂ ਦੇ ਅਫ਼ਸਾਨੇ ਹਾਲਾਂ ਮੁੱਕੇ ਨਹੀਂ।
ਹੰਝੂ ਵਗਦੇ ਹੋਏ ਹਾਲੇ ਸੁੱਕੇ ਨਹੀਂ।
ਹੀਰੇ ਮੋਤੀ ਮਿੱਟੀ ਦੇ ਵਿੱਚ ਰੁਲਦੇ ਨੇ,
ਨਜ਼ਰਾਂ ਵਾਲੇ ਜੌਹਰੀ ਹਾਲਾਂ ਢੁੱਕੇ ਨਹੀਂ।
ਸੁਪਨੇ ਚਿੱਟੇ ਦਿਨ ਵਿੱਚ ਲੁੱਟੇ ਜਾਂਦੇ ਨੇ,
ਡੇਰੇ ਅਜੇ ਚੋਰਾਂ ਏਥੋਂ ਚੁੱਕੇ ਨਹੀਂ।
ਜੰਮਦੀਆਂ ਧੁੰਮਕਾਰਾਂ ਕਤਲਗਾਹਾਂ ਨੇ,
ਗੀਤ ਅਮਨ ਦੇ ਵਿਹੜੇ ਚਰਖੇ ਘੁੱਕੇ ਨਹੀਂ।
ਦੁਬਧਾ ਦੇ ਜੰਗਲ ਵਿੱਚ ਕਿਧਰੇ ਭਟਕ ਗਏ,
ਸ਼ੇਰ ਅਜੇ ਪਰ ਸ਼ੇਰ ਮਦਾਨੀ ਬੁੱਕੇ ਨਹੀਂ।
ਕਤਲਗਾਹਾਂ ਵੱਲ ਜਾਂਦੇ ਰਾਹੀਂ ਭੀੜਾਂ ਨੇ,
ਵੱਖਰੀ ਗੱਲ ਸਿਰ ਦੇਵਣ ਵਾਲੇ ਝੁੱਕੇ ਨਹੀਂ
ਵੇਖ ਤਾਂ ਇਹ ਕਿ ਕਲਮਾਂ ਵਾਲੇ ਸੋਚਦੇ
ਹੱਥ ਤਲਵਾਰਾਂ ਵਾਲੇ ਹਾਲੇ ਰੁੱਕੇ ਨਹੀਂ।
ਜੋ ਮਿਲਦੈ ਸੰਘਰਸ਼ ਨਾਲ ਹੋ ਸਕਦੈ
ਉਹ ਕਦੇ ਕਰ ਸਜਦੇ ਇੱਕੇ ਚੁੱਕੇ ਨਹੀਂ।
ਪਹਿਨ ਮਖੌਟੇ ਫਿਰਦੇ ਨੇ ਜੋ ਭੀੜਾਂ ਵਿੱਚ,
ਮੌਤ ਸਮਝਣ, ਉਹ ਸਾਡੀ ਨਜ਼ਰੋਂ ਲੁੱਕੇ ਨਹੀਂ।
ਰੰਜ ਹੈ ਜੇ ਨਾ ਮੰਜ਼ਿਲ ਉੱਤੇ ਪੁੱਜਣ ਦਾ,
ਮਾਣ ਵੀ ਹੈ ਕਿ ਅਸੀਂ ਆਦਰਸ਼ੋਂ ਉੱਕੇ ਨਹੀਂ।

## ਪੱਕੀਆਂ ਸੜਕਾਂ
(ਰਵਿੰਦਰ ਦੀਦਾਰ)

ਪਿੰਡ ਵੱਲੋਂ
ਖ਼ਾਲੀ ਗੱਡੇ
ਸ਼ਹਿਰ ਵੱਲ ਵਧ ਰਹੇ ਹਨ
ਸ਼ਹਿਰ ਵੱਲੋਂ
ਭਰੀਆਂ ਹੋਈਆਂ
ਅਲੈਕਸ਼ਨ ਜੀਪਾਂ
ਪਿੰਡ ਵੱਲ ਵਧ ਰਹੀਆਂ ਹਨ।

## ਖ਼ਤ ਦੇ ਜੁਆਬ ਵਿੱਚ

(ਅਸੀਮ ਪ੍ਰੀਤ)

ਤੁਹਾਡਾ ਲਿਖਿਆ ਖ਼ਤ :
" ਇਕ ਦਿਨ ਅਸੀਂ
ਇਨਕਲਾਬ ਲੈ ਆਵਾਂਗੇ,
ਮਨੁੱਖਤਾ ਨੂੰ
ਇਨਕਲਾਬੀ ਲੀਹਾਂ ਤੇ ਸਜਾਵਾਂਗੇ.
ਅਸੀਂ ਇਨਕਲਾਬ ਸ਼ਾਂਤਮਈ ਸੋਚ
ਨਾਲ ਉਲੀਕਿਆ ਹੈ
ਕਲਮ ਦੀ ਜ਼ੁਬਾਨ, ਜ਼ੁਬਾਨ ਦੀ ਕਲਮ ਨਾਲ
ਸਲੀਕਿਆ ਹੈ
ਇਹ ਮਾਰੂ ਹਥਿਆਰ ਦਾ ਕੰਮ ਕਰੇਗੀ
ਤੁਸੀਂ ਸਾਡਾ ਸਾਥ ਦਿਉ।"

ਤੁਹਾਡਾ ਖ਼ਤ
ਇਕ ਤਰੂ ਜਿਹੇ ਖਿਆਲ
ਦੀ ਤਸਵੀਰ ਹੈ
ਤੁਹਾਡੇ ਲਈ ਤਾਂਦੇ ਇਹ
ਇਨਕਲਾਬੀ ਤਕਦੀਰ ਹੈ।
ਫਿਰ ਇਸਨੂੰ ਪੜ੍ਹਨ ਲਈ
ਮੈਨੂੰ ਮੇਰੀ ਜ਼ਮੀਰ ਡਰਾਏਗੀ
ਸੋਚੋ ਜ਼ਰਾ – ਕਦੀ ਸ਼ਾਂਤੀ ਦੀ...
ਇਨਕਲਾਬੀ ਜੰਗ ਬਣੀ ਹੈ?
ਜ਼ੁਬਾਨ ਦੀ ਕਲਮ ਜਾਂ ਕਲਮ ਦੀ ਜ਼ੁਬਾਨ
ਕਦੀ ਜ਼ਿੰਦਗੀ ਦੀ ਲਾਟ ਬਣੀ ਹੈ ??

ਲਾਟ ਲਈ ਤੀਲੀ ਤੇਲ ਦੀ ਜ਼ਰੂਰਤ ਹੈ
ਸ਼ਾਂਤੀ ਦੀ ਬੇਕਾਰ ਸੋਚ ਮਨਜ਼ੂਰ ਨਹੀਂ ਹੈ
ਫਿਰ ਵੀ
'ਕੂਚ ਕਰਨ' ਵਿੱਚ
ਮੇਰਾ ਸਹਿਯੋਗ ਤੁਹਾਡੇ ਨਾਲ ਹੈ!
ਇਨਕਲਾਬੀ ਸੋਚ ਨੂੰ ਛੱਡੋ,
ਇਨਕਲਾਬ ਨੂੰ ਸਿਰ ਤੇ ਬੰਨੋ !!

(VANCOUVER, B.C.)

## ਬੱਕਰੇ ਦੀ ਮਾਂ

{ਦੀਨਾ ਨਗਰ ਦੇ ਉਸ ਬੱਚੇ ਦੇ ਨਾਂ
ਜਿਸਦੀ ਬਲੀ ਦਿੱਤੀ ਗਈ}

- ਗੋਸ਼ ਸਰਗੀ -

ਮੇਰੇ ਜੁਗ ਦੇ ਬੱਚੇ
ਜਦ ਮੈਂ ਤੇਰੇ ਕਤਲ ਹੋਣ ਦੀ ਗੱਲ ਸੁਣੀ ਹੈ
ਮੇਰੀਆਂ ਅੱਖਾਂ ਨੇ ਪ੍ਰਸੂਤਕ ਪੀੜ ਹੰਢਾਈ ਹੈ
ਪਰ ਮੈਂ ਹੈਰਾਨ ਨਹੀਂ ਹੋਇਆ
ਕਿਉਂਕਿ ਅੱਜ ਦੇ ਜੁਗ ਵਿੱਚ ਤਾਂ
ਹਰ ਬੱਚਾ
ਜਨਮ ਲੈਣ ਤੋਂ ਪਹਿਲਾਂ ਹੀ
ਕਤਲ ਹੋਣ ਦੀ ਗੱਲ ਸੁਣ ਲੈਂਦਾ ਹੈ
ਅੱਜ ਦੇ ਜੁਗ ਵਿੱਚ ਤਾਂ
ਹਰ ਮਾਂ -
ਬੱਕਰੇ ਦੀ ਮਾਂ ਹੈ
ਕਿੰਨਾ ਕੁ ਚਿਰ .ਖ਼ੈਰ ਮਨਾਏਗੀ !

(WINNIPEG, MAN.)

## ਇਕ ਖ਼ਿਆਲ

(ਸਾਧੂ)

ਵਧੇ ਜਿਉਂ ਜਿਉਂ ਇਹ ਦੁਨੀਆਂ
ਹਰ ਵਾਸੀ ਦਾ ਇਕੱਲਾ-ਪਨ ਵਧੇ
ਏਸ ਇੱਦੇ ਸੀ ਹਾਲ ਇਕ ਦਾ
ਕਦੀ ਯਾਰ, ਯਾਰ-ਲੋਕਾਂ ਨੂੰ
ਯਾਰੀ ਦਾ ਹਰ ਕੋਈ ਰੂਹ ਹਾਸਾ ਕਰੇ।

ਵਧੇ ਜਿਉਂ ਜਿਉਂ ਜੀਵਨ
ਮੌਤ ਦੀ ਹਰ ਪਲ ਉਨੀ ਵਧੇ
ਮੌਤ ਦੇ ਨਾਂ ਤੇ ਕਦੀ ਅੱਖਾਂ ਸੀ ਭਰਦੀਆਂ,
ਪੂਰਾ ਸਰੇ ਕਬੀਲਾ
ਨਾ ਕਿਸੇ ਨੂੰ ਕੋਈ ਫ਼ਰਕ ਪਏ।

(BURNABY, B.C.)

## ਕਿਉਂ ?

(ਰਣਜੀਤ ਕਿੰਗਰਾ)

ਏਥੇ ਪੁੰਨ ਦਾ ਨਾਮ-ਨਿਸ਼ਾਨ ਨਹੀਂ
ਪਾਪਾਂ ਦੇ ਸਾਗਰ ਗਹਿਰੇ ਕਿਉਂ?
ਕਲਮਾਂ ਦੇ ਗਲ ਵਿੱਚ ਸੰਗਲ ਨੇ
ਬੋਲਣ ਤੇ ਲਗਦੇ ਪਹਿਰੇ ਕਿਉਂ?
ਇਹ ਕੁੱਲੀਆਂ ਦੇ ਵਿੱਚ ਰਹਿਣ ਅਤੇ
ਓਹਨਾਂ ਦੇ ਮਹਿਲ ਸੁਨਹਿਰੇ ਕਿਉਂ?
ਟਕਿਆਂ ਦੀ ਖ਼ਾਤਰ ਵਿਕ ਜਾਂਦੇ
ਜੋਬਨ ਦੇ ਸਿਖਰ ਦੁਪਹਿਰੇ ਕਿਉਂ?

ਭਾਗੋ ਦੀ ਗੁੱਡੀ ਚੜ੍ਹਦੀ ਕਿਉਂ?
ਲਾਲੋ ਦੀ ਕਿਰਤੀ ਸੜਦੀ ਕਿਉਂ?
ਖੋਂਹਦਾ ਕੋਈ ਹੱਕ ਪਰਾਏ ਕਿਉਂ?
ਮੱਚੀ ਹੈ ਨੇਰ੍ਹਾ-ਗਰਦੀ ਕਿਉਂ?
ਕੋਈ ਬੁਲਬੁਲ ਪਿੰਜਰੇ ਪੈਂਦੀ ਕਿਉਂ?
ਸਯਾਦਾਂ ਹੱਥੋਂ ਮਰਦੀ ਕਿਉਂ?
ਪਹਿਲਾਂ ਕੋਈ ਧੋਖਾ ਕਰਦਾ ਕਿਉਂ?
ਪਿਛੋਂ ਫੋਕੀ ਹਮਦਰਦੀ ਕਿਉਂ?

ਆਪੋ-ਧਾਪੀ ਹੈ ਪਈ ਹੋਈ
ਨਾ ਕੋਈ ਕਿਸੇ ਦਾ ਦਰਦੀ ਕਿਉਂ?
ਹਰ ਪਾਸੇ ਮੈਂ ਮੈਂ ਤੂੰ ਤੂੰ ਹੈ
ਇਹ ਵਧੀ ਹੋਈ ਖੁਦਗਰਜ਼ੀ ਕਿਉਂ?
ਸਾਰੇ ਲੱਭੋ ਕੋਈ ਹੱਲ ਏਹਦਾ
ਅੱਗ ਸਾਡੇ ਆਪਣੇ ਘਰਦੀ ਕਿਉਂ?
'ਕਿੰਗਰਾ' ਆਏ ਜ਼ਮਾਨੇ ਗਰਮੀ ਦੇ
ਪਰ ਤੇਰੇ ਅੰਦਰ ਸਰਦੀ ਕਿਉਂ?

(MISSION CITY)

---

ਕਿਰਪਾ ਕਰਕੇ ਆਪਣੇ ਸੁਝਾਅ ਤੇ ਰਚਨਾਵਾਂ ਇਸ ਪਤੇ ਤੇ ਭੇਜੋ:
'ਵਤਨੋਂ ਦੂਰ' ਪੋਸਟ ਬਾਕਸ 1041, ਕੋਕੁਇਟਲਮ, ਬੀ.ਸੀ.

## ਬਾਬਲ

{ਮਾਂ ਲਈ ਵਿਛੋੜੇ
ਬਾਬਲ ਦੇ ਨਾਂ}

ਅੱਜ ਮੇਰੇ ਸਿਰ ਤੇ ਬਾਬਲਾ
ਤੇਰੀ ਮਿੱਠੜੀ ਛਾਂ ਹੁੰਦੀ।
ਲੋਕਾਂ ਦੀ ਫਜ਼ੂਲ ਜਿਹੀ
ਐਵੇਂ ਨਾ ਕਾਂ ਕਾਂ ਹੁੰਦੀ।
ਦੂਰ ਪਰੇ ਬੇ-ਫ਼ਿਕਰ ਹੀ
ਲਗਦਾ ਤੂੰ ਹੈਂ ਬਹਿ ਗਿਆ।
ਲਾਡਾਂ ਨਾਲ 'ਜਿੰਦ' ਪਾਲੀਦਾ
ਇਹ ਕਿਹਦਾ ਧੁਖੜ ਰਹਿ ਗਿਆ:
ਐ ਮੇਰੇ 'ਪ੍ਰਮਾਤਮਾ'
ਅੱਜ ਕੋਲ ਮੇਰੇ ਮੇਰੀ ਮਾਂ ਹੁੰਦੀ।
ਮੇਰੇ ਸਿਰ ਤੇ ਬਾਬਲਾ .... .... ....।
ਪਰ ਇਆਂ ਸੰਗੀਆਂ ਤੀਆਂ ਨਾਲ,
ਮੇਰਾ ਦਾਜਲਾ ਛਾਣਦੀ ਰਹਿ ਗਿਆ।
ਮੇਰਾ ਦਿਲ ਖਾਲੀ ਸੀ ਖ਼ੁਸ਼ੀਆਂ ਤੋਂ,
ਇੰਨਾਂ ਦੁੱਖਾਂ ਦੇ ਨਾਲ ਭਰ ਗਿਆ।
ਐ ਮੇਰੇ ਮਾਲਕ, ਸੜਕਾਂ ਤੇ
ਮੈਂ ਫਿਰਦੀ ਰੋਂਦੀ ਜਿਹੀ ਹਾਂ।
ਦੁਖਿਆਰੀ ਤੇਰ ਬਣਾ ਦਿੱਤੀ,
ਠੁਕਰਾਈ ਤਾਂ ਮੈਂ ਜਿਹੀ ਹਾਂ।

ਇੰਨਾਂ ਲੋਕਾਂ ਦੀ ਕੁਝ ਘੱਟਿਆ ਨਹੀਂ
ਉਦੇਂ ਲਗਦੀ ਹੈ ਝਾਂ ਝਾਂ ਹੁੰਦੀ।
ਮੇਰੇ ਸਿਰ ਤੇ ਬਾਬਲਾ,
ਅੱਜ ਤੇਰੀ ਮਿੱਠੜੀ ਛਾਂ ਹੁੰਦੀ।
ਲੋਕਾਂ ਦੀ ਫ਼ਜ਼ੂਲ ਜਿਹੀ,
ਐਵੇਂ ਨਾਂ ਕਾਂ ਕਾਂ ਹੁੰਦੀ।

— ਮੇਰੀ ਤੜਪਦੀ ਜਿੰਦ ਵੱਲੋਂ

{ਜਸਬੀਰ ਗਰਮ
TERRACE, B.C.}

ਰੀਵੀਊ:

## ਆਰ ਝਨਾਂ ਪਾਰ ਝਨਾਂ

(ਗਿੱਲ ਮੋਰਾਂਵਾਲੀ-ਨਾਗ ਫ਼ਿਲੌਰ)

'ਆਰ ਝਨਾਂ ਪਾਰ ਝਨਾਂ' ਗਿੱਲ ਮੋਰਾਂਵਾਲੀ ਦੀ ਛੇਵੀਂ ਕਾਵਿ-ਪੁਸਤਕ ਹੈ। ਇਸ ਵਿੱਚ ਕਵੀ ਨੇ ਕਵਿਤਾਵਾਂ, ਗੀਤ ਅਤੇ ਗਜ਼ਲਾਂ ਇਕੱਤਰ ਕੀਤੀਆਂ ਹਨ।

ਕਵਿਤਾਵਾਂ ਵਿੱਚੋਂ 'ਜਾਗ ਕਿਸਾਨਾ ਜਾਗ', 'ਰੋਸ਼ਨ ਸਵੇਰਾ' ਅਤੇ 'ਹਿੰਮਤ ਦਾ ਝਨਾਂ' ਸਾਰਥਕ ਸੋਧ ਦੀਆਂ ਪ੍ਰਤੀਕ ਹਨ। ਕਵੀ ਦੀ ਇਹ ਤਮੰਨਾ ਪ੍ਰਸੰਸਨੀਯ ਹੈ:

ਮੱਸਿਆ ਦੀਆਂ ਕਾਲੀਆਂ ਰਾਤਾਂ ਨੂੰ, ਪੁੰਨਿਆਂ ਦੀ ਲੋਅ ਵਿਛਾਣਾ ਏ।
ਅਸੀਂ ਝਨਾਂ ਲੈਕੇ ਹਿੰਮਤ ਦਾ, ਧਰਤੀ ਦਾ ਮੂੰਹ ਲਿਸ਼ਕਾਣਾ ਏ।
(ਹਿੰਮਤ ਦਾ ਝਨਾਂ)

'ਤਮੰਨਾ ਬਾਕੀ ਹੈ', 'ਝਨਾਂ ਦਾ ਸਾਥ', 'ਰੁਤ ਮੁਸਕਾਣ ਦੀ', 'ਖ਼ਿਜ਼ਾਂ', 'ਅੰਬਰ ਚੜ੍ਹੀਏ' ਆਦਿ ਸਦੈ-ਪਿਆਰ-ਕੇਂਦ੍ਰਿਤ ਰਚਨਾਵਾਂ ਵਿਚ ਵੀ ਗਿੱਲ ਆਪਣੀ ਗੱਲ ਕਹਿ ਸਕਿਆ ਹੈ, ਜਿਵੇਂ:

'ਮੰਝਧਾਰਾਂ ਦੀ ਡੋਬ ਨਾ ਸਕੀਆਂ ਬੇੜੀ ਜ਼ਿੰਦਗੀ ਦੀ
ਦਿਲ ਨੂੰ ਤਰੇ ਸ਼ਕਾਇਤ ਸਾਹਲ ਦੀ ਬਾਕੀ ਰਹੀ।'
(ਤਮੰਨਾ ਬਾਕੀ ਹੈ)

ਗੀਤਾਂ ਵਿੱਚ ਹੁਸਨ-ਇਸ਼ਕ ਦੇ ਸ਼ੋਖ਼ ਗੀਤਾਂ ਵਿੱਚ ਉਸਦੀ ਸ਼ੈਲੀ ਸੁਆਦਲੀ ਹੈ ਤੇ ਗੀਤਾਂ ਲਈ ਲੁੜੀਂਦੀ ਮਿਠਾਸ ਦੀ ਹਾਮਣ ਹੈ ਪਰ ਧਾਰਮਕ ਤੇ ਕੌਮੀ ਗੀਤਾਂ ਵਿੱਚ ਉਹ ਵਿਲੱਖਣਤਾਂ ਤੇ ਮੌਲਿਕ ਪ੍ਰਭਾਵ ਨਹੀਂ ਪਾ ਸਕਿਆ।

ਕੋਈ ਬੱਝਵਾਂ ਦ੍ਰਿਸ਼ਟੀਕੋਣ ਹੋਣ ਦੀ ਥਾਂ ਵਿੱਚ ਸੰਗ੍ਰਹਿ ਵਿੱਚ ਹੀ ਉਹ ਅਗਾਂਹਵਧੂ ਵੀ ਹੈ, ਰੁਮਾਂਸਵਾਦੀ ਵੀ; ਧਾਰਮਕ ਪ੍ਰਭਾਵ ਦੀ ਰਖਵਾਲਾ ਹੈ ਤੇ 'ਧੀ-ਬਾਬਲ' ਦੇ ਪਿਆਰ ਦੇ ਗੀਤ ਲਿਖਦਾ, ਹੱਦਾਂ ਤੇ ਲੜਦੇ ਸਿਪਾਹੀ ਤੇ ਕੌਮੀ ਚਰਿਤ੍ਰ ਦੇ ਗੀਤਾਂ ਤੱਕ ਦਾ ਸਫ਼ਰ ਤਹਿ ਕਰਦਾ ਹੈ।

ਭਵਿੱਖ ਵਿੱਚ ਬੱਝਵਾਂ ਦ੍ਰਿਸ਼ਟੀਕੋਣ, ਵਿਸ਼ਲੇਸ਼ਣ ਦੀ ਡੂੰਘਾਈ ਅਤੇ ਅਧਿਐਨ ਹੀ ਉਸਦੀ ਰਚਨਾ ਵਿੱਚ ਉਹ ਪਰਪੱਕਤਾ ਲਿਆ ਸਕਦੇ ਹਨ ਜਿਹੜੀ ਪਰਪੱਕਤਾ ਉਸ ਵਰਗਾ ਕਵੀ ਪੁਸਤਕਾਂ ਦਿਸ ਚੁੱਕੇ ਕਵੀ ਦੀ ਰਚਨਾ ਦੀ ਸਾਰਥਕਤਾ ਨੂੰ ਸਿੱਧ ਕਰਨ ਲਈ ਲਾਜ਼ਮੀ ਜ਼ਰੂਰੀ ਹੈ।

(ਸੁਰਿੰਦਰ ਧੰਜਲ)

(ਟੱਟੀਪੌਤ: ਸਫ਼ਾ 22 ਦੀ ਬਾਕੀ)

ਦੇ ਰੁੱਖਤ ਨਾਲ ਬੰਨਕੇ ਕੋਰੜੇ ਮਾਰੋ' ਅਤੇ ਅਜੀਤ ਸਿੰਘ ਦੀ ਚੁਪ ਚਾਪ ਇਮਲੀ ਦੇ ਦਰੱਖਤ ਕੋਲ ਜਾ ਖੜੇ।

ਸਿੱਧਰਿਆ! ਆਹ ਤੂੰ ਆਦਰਸ਼ਾਂ ਤੇ ਤੁਰਨ ਵਾਲੇ ਬੰਦੇ ਦਾ ਹਸ਼ਰ, ਫੂਲਾ ਸਿੰਘ ਛੇ ਦਾ। ਪਿਛਾਂ ਕੋਈ ਸਲਾਹੁਣਯੋਗ ਕੰਮ ਕੀਤਿਆਂ; ਜਥੇਦਾਰੀਆਂ ਪਿੱਛੇ ਲੜ ਕੇ ਮਰਨ ਵਾਲੇ ਜਥੇਦਾਰਾਂ ਨੂੰ ਵੀ ਲੋਕ ਸ਼ੁਦਰ ਪਛਾਣ ਲੈਂਦੇ ਨੇ ਤੇ ਧਰਮੀਆਂ ਨੂੰ ਵੀ...

ਤੇਰ ਸੁਣ! ਦਸਵੰਧ ਦੇ ਪੈਸੇ ਧੇਲੇ 'ਚ ਹੇਰਾਫੇਰੀ ਕਰਨ ਵਾਲੇ ਮਸੰਦ ਗੁਰੂ ਸਾਹਿਬ ਨੇ ਤੱਤੇ ਤੇਲ ਦੇ ਕੜਾਹਿਆਂ ਵਿੱਚ ਫੂਕ ਦਿੱਤੇ ਸਨ। ਕਹਿਣ ਦਾ ਭਾਵ ਜਿੱਥੇ ਇਮਾਨਦਾਰ ਤੇ ਸੱਚੇ-ਸੁੱਚੇ ਜਥੇਦਾਰਾਂ ਦੀ ਸਿੱਖ-ਇਤਿਹਾਸ ਨੇ ਕਦਰ ਕੀਤੀ ਹੈ ਉਥੇ ਪਾਖੰਡੀਆਂ ਅਤੇ ਕੁਕਰਮੀਆਂ ਦੇ ਫ਼ਿਤੌਲ ਵੀ ਫੋਲਿਆ ਹੈ।

ਸਿੱਧਰ: ਜੀ ਅੱਗੀ ਤਾਂ ਰੁਝੇ ਗਏ ਮੈਂਬਰ 'ਨਾਂ'ਨਾਂ' ਕਰਨ ਤੇ ਲੋਕ ਕਹਿਣ ਲੱਗੂ ਵੀ ਰੁਝੇਨੇ...

ਟੱਟੀਪੌਤ: ਸਿੱਧਰਿਆ! ਲੋਕ ਕਮਲੇ ਨਹੀਂ – ਪਿਛਾਂ ਕਿਸੇ ਰੌਲੇ ਰੱਪੇ ਦੇ ਦੋਹਾਂ ਕਮੇਟੀਆਂ ਦਾ ਰੁਝੇ ਜਾਣਾ ਦਸਦੈ ਬਈ ਇਹ ਸਾਰੇ ਸੇਵਾਦਾਰ ਲੋਕਾਂ ਨੂੰ ਪਸੰਦ ਨੇ... ਹੁਣ ਜੇ ਲਾਇਬ੍ਰੇਰੀਆਂ, ਲੈਕਚਰਾਂ, ਖੋਜਾਂ, ਸਕੂਲਾਂ ਤੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਇਨ੍ਹਾਂ ਨੇ ਲੋਕਾਂ ਨੂੰ ਆਪਣੇ ਇਤਿਹਾਸ, ਬੋਲੀ, ਸੱਭਿਆਚਾਰ ਤੇ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਇਆ ਅਤੇ ਇਉਂ ਕੈਨੇਡਾ ਵਿੱਚ ਸਾਡੀ ਕਮਿਊਨਿਟੀ ਦੇ ਰੌਸ਼ਨ ਪੱਖ ਪੇਸ਼ ਕਰਕੇ ਇਤਿਹਾਸਕ ਪਿਰਤਾਂ ਨੂੰ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੋਕ ਏਨਾਂ ਤੋਂ ਵੀ ਓਵੇਂ ਜਾਨ ਘੁਮਾ ਸਕਦੇ ਨੇ ਜਿਵੇਂ ਉਹ ਸਾਡੇ ਆਦਰਸ਼ਕ ਲੀਡਰਾਂ ਤੋਂ ਸਭ ਕੁਝ ਵਾਰਦੇ ਆਏ ਨੇ...

(ਸਿੱਧਰਾ ਪ੍ਰਸੰਨ ਹੋਕੇ ਸਬਕ ਲੈਂਦਾ ਹੋਇਆ ਜਾਣ ਲਗਦਾ ਹੈ)

# ਆਓ! ਘੱਟ-ਗਿਣਤੀਵਾਦ ਦਾ ਖ਼ਾਤਮਾ ਕਰੀਏ !!

## (LET US PUT AN END TO MINORITYISM)

{ਲੇਖਕ: ਉਜੱਲ ਦੋਸਾਂਝ
ਅਨੁਵਾਦਕ: ਸੁਰਿੰਦਰ ਧੰਜਲ}

ਕੈਨੇਡੀਅਨ ਸਮਾਜ ਵਿੱਚ ਬਹੁਤ ਸਾਰੀਆਂ ਘੱਟ-ਗਿਣਤੀ-ਕੌਮਾਂ ਸ਼ਾਮਲ ਹਨ। ਕਈ ਘੱਟ-ਗਿਣਤੀ-ਕੌਮਾਂ ਤਾਂ ਕੈਨੇਡੀਅਨ ਸਮਾਜ ਦਾ ਅਨਿੱਖੜਵਾਂ ਅੰਗ ਬਣ ਗਈਆਂ ਪਰ ਕਈ ਕੌਮਾਂ ਹਾਲੇ ਘੱਟ-ਗਿਣਤੀਵਾਦ (MINORITYISM) ਦਾ ਸ਼ਿਕਾਰ ਹਨ। ਘੱਟ-ਗਿਣਤੀਵਾਦ (MINORITYISM) ਦਾ ਭਾਵ ਕਿਸੇ ਕਮਿਊਨਿਟੀ ਦੀ ਸਥਿਤੀ ਹੈ, ਜਿਹੜੀ ਕਮਿਊਨਿਟੀ ਆਰਥਕ ਤੌਰ ਤੇ ਤਾਂ ਸਾਰੇ ਸਮਾਜ ਦਾ ਅਨਿੱਖੜਵਾਂ ਅੰਗ ਹੋਵੇ; ਪ੍ਰੰਤੂ ਜੀਵਨ ਦੇ ਹੋਰ ਪੱਖਾਂ ਵਿੱਚ ਉਸੇ ਸਮਾਜ ਤੋਂ ਅਲੱਗ ਹੋਣ ਦੀ ਹਕੀਕਤ ਭਰੀ ਭਾਵਨਾ ਦਾ ਸ਼ਿਕਾਰ ਹੋਵੇ।

ਸਾਡੀ ਕਮਿਊਨਿਟੀ ਇਸ ਘੱਟ-ਗਿਣਤੀਵਾਦ ਦੀ ਭਾਵਨਾ ਵਿੱਚ ਬੁਰੀ ਤਰ੍ਹਾਂ ਘਿਸ ਰਹੀ ਹੈ ਅਤੇ ਘੱਟ-ਗਿਣਤੀ ਵਾਦ ਦੀ ਇਹ ਸਥਿਤੀ ਹੀ ਕੈਨੇਡਾ ਨਾਲ ਸਾਡੀ ਰਾਜਨੀਤਕ, ਸਮਾਜਕ ਤੇ ਸੱਭਿਆਚਾਰਕ ਸਾਂਝ ਦੀ ਭਾਵਨਾ ਨੂੰ ਪ੍ਰਫੁੱਲਤ ਨਹੀਂ ਹੋਣ ਦਿੰਦੀ। ਅਗਲੇ ਕੁਝ ਸਫ਼ਿਆਂ ਵਿੱਚ ਇਸ ਵਧ ਰਹੀ ਭਾਵਨਾ ਦੇ ਕਾਰਨਾਂ ਦੀ ਖੋਜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਇੱਕ ਆਮ ਹੱਲ ਦੇਣ ਦੀ ਵੀ। ਘੱਟ-ਗਿਣਤੀਵਾਦ ਦੇ ਵਿਸ਼ੇ ਤੇ ਚਰਚਾ ਇਸ ਲਈ ਜ਼ਰੂਰੀ ਹੈ, ਕਿਉਂਕਿ ਕੈਨੇਡਾ ਵਿੱਚ ਵਧ ਰਹੇ ਨਸਲਵਾਦ (RACISM) ਤੇ ਸਾਡੇ ਲੋਕਾਂ ਪ੍ਰਤੀ ਨਸਲਵਾਦ ਦੇ ਪ੍ਰਗਟਾਵੇ ਨੇ ਸਾਨੂੰ ਇਸ ਸਥਿਤੀ ਦੇ ਖ਼ਤਰਿਆਂ ਤੋਂ ਜਾਣੂ ਕਰਾਇਆ ਹੈ। ਇਸ ਅਹਿਮ ਸਵਾਲ ਨੂੰ ਠੰਡੇ ਮਤੇ ਨਾਲ ਸੋਚਕੇ ਇਸ ਦਾ ਡੂੰਘਾ ਵਿਸ਼ਲੇਸ਼ਣ ਕਰਨਾ ਬਣਦਾ ਹੈ।

ਕੈਨੇਡੀਅਨ ਸਮਾਜ ਵਿਚ ਰਚਣ ਮਿਚਣ ਲਈ, ਘੱਟਗਿਣਤੀਵਾਦ ਸਾਡੇ ਰਾਹ ਦੇ ਸਭ ਤੋਂ ਵੱਡੇ ਰੋੜਿਆਂ ਵਿੱਚੋਂ ਇਕ ਹੈ। ਕੁਝ ਗਿਣਵੇਂ ਵਿਅਕਤੀਆਂ ਤੇ ਪਰਿਵਾਰਾਂ ਨੂੰ ਛੱਡਕੇ ਸਾਡੀ ਆਮ ਜਨਤਾ ਦੇ ਜੀਵਨ ਦੇ ਹਰ ਖੇਤਰ ਵਿੱਚ ਇਹ ਰੋਗ ਆਪਣੀ ਤਕੜੀ ਹੋਂਦ ਮਹਿਸੂਸ ਕਰਾਉਂਦਾ ਹੈ।

ਸਾਡੀਆਂ ਮੁਸ਼ਕਲਾਂ ਵੱਲ ਸਾਡੇ ਤੰਗਦਿਲ ਰਵੱਈਏ 'ਚੋਂ ਵੀ ਇਸ ਸਥਿਤੀ ਦੇ ਸਾਫ਼ ਚਿੰਨ੍ਹ ਉਭਰਕੇ ਨਜ਼ਰ ਆਉਂਦੇ ਹਨ। ਜਦੋਂ ਵੀ ਸਾਡੀ ਕਮਿਊਨਿਟੀ ਸਾਹਮਣੇ ਕੋਈ ਮੁਸ਼ਕਲ ਆਉਂਦੀ ਹੈ ਤਾਂ ਅਸੀਂ ਵਿਸ਼ਾਲ ਕੈਨੇਡਾ ਵੱਲੋਂ ਅੱਖਾਂ ਮੀਟਕੇ 'ਭਾਰਤੀ ਕੌਮ' ਤੱਕ ਹੀ ਸੀਮਤ ਰਹਿੰਦੇ ਹਾਂ। ਭਾਰਤੀ ਕਮਿਊਨਿਟੀ ਦੇ ਨਿੱਕੇ ਜਿਹੇ ਦਾਇਰੇ 'ਚ ਵੀ ਅਸੀਂ ਆਪਣੇ ਸਾਕ-ਸੰਬੰਧੀਆਂ, ਦੋਸਤਾਂ ਜਾਂ ਵੱਧ ਤੋਂ ਵੱਧ 'ਰਾਜਨੀਤਕ ਮੁਤੈਲੀਆਂ' ਤੱਕ ਹੀ ਰਹਿ ਖੜੋਂਦੇ ਹਾਂ।

ਮੁਸ਼ਕਲਾਤਾਂ ਨੂੰ ਇਉਂ ਤੋੜ ਮਰੋੜਕੇ ਦੇਖਣ ਦੀ ਇਸ ਰੁਚੀ ਦਾ ਕਾਰਣ ਸਾਡਾ ਭਾਰਤ ਵਿੱਚ ਬੀਤਿਆ ਜਾਗੀਰਦਾਰੀ ਭੂਤਕਾਲ (FEUDAL PAST) ਹੈ। ਰਾਜਨੀਤਕ ਤੇ ਆਰਥਕ ਖੇਤਰਾਂ ਵਿੱਚ, ਕੈਨੇਡਾ ਇਸ ਸਮੇਂ ਐਡਵਾਂਸਡ ਸਰਮਾਏਦਾਰੀ (ADVANCED CAPITALISM) ਮਾਣ ਰਿਹਾ ਹੈ



(ਜਾਂ ਇਸਦਾ ਸ਼ਿਕਾਰ ਹੋ ਰਿਹਾ ਹੈ) ਅਤੇ ਇਸ ਲਈ ਭਾਰਤੀ ਜਾਗੀਰਦਾਰੀ ਦੇ ਭੂਤਕਾਲੀ-ਰੁਝਾਨਾਂ ਲਈ ਕੈਨੇਡੀਅਨ ਸਮਾਜ ਵਿੱਚ ਕੋਈ ਥਾਂ ਨਹੀਂ ਹੈ। ਜਦੋਂ ਤੱਕ ਅਸੀਂ ਜਾਗੀਰਦਾਰੀ ਰੁਚੀਆਂ ਦਾ ਗਲ ਨਹੀਂ ਘੁੱਟਦੇ ਅਤੇ ਬਦਲਦੇ ਸਮੇਂ ਦੀ ਨਬਜ਼ ਨੂੰ ਨਹੀਂ ਭਾਂਪਦੇ, ਨਿਰਸੰਦੇਹ ਘੱਟਗਿਣਤੀਵਾਦ ਸਾਡੀ ਰਾਜਨੀਤਕ ਤੇ ਸੱਭਿਆਚਾਰਕ ਮੌਤ ਦਾ ਕਾਰਣ ਬਣਿਆ ਰਹੇਗਾ।

ਸਾਡੇ ਵਿਹਾਰ ਘੱਟਗਿਣਤੀਵਾਦ ਦਾ ਇਕ ਹੋਰ ਪੱਖ ਇਹ ਵੀ ਹੈ ਕਿ ਅਸੀਂ ਕੈਨੇਡਾ ਵਿਚ ਆਪਣੇ ਫਿਰਕੂ ਸਤਰ (COMMUNAL STATUS) ਨੂੰ, ਭਾਰਤ ਵਿੱਚ ਆਪਣੇ ਵਰਤਮਾਨ ਜਾਂ ਭੂਤਕਾਲ ਦੇ ਸਤਰ ਨਾਲ ਤੋਲਣ ਦੇ ਆਦੀ ਹਾਂ। ਇਸ ਰੁਚੀ ਦੀ ਹੋਂਦ ਤੇ ਇਸਦੇ ਪੈਰੋਕਾਰ ਸਾਡੀ ਕੈਨੇਡੀਅਨ ਹੋਂਦ ਦੀ ਹਕੀਕਤ ਨੂੰ ਬਿਲਕੁਲ ਅੱਖੋਂ ਉਹਲੇ ਕਰਦੇ ਹਨ। ਇਸਦੇ ਬਹੁਤ ਖ਼ਤਰਨਾਕ ਸਿੱਟੇ ਸਾਹਮਣੇ ਆਏ ਹਨ ਤੇ ਸਭ ਤੋਂ ਵਧੀਕ ਖ਼ਤਰਨਾਕ ਹੈ, ਸਾਡਾ ਆਪਣੇ ਰਾਜਨੀਤਕ ਹੱਕਾਂ ਤੇ ਫਰਜ਼ਾਂ ਨੂੰ ਕਬੂਲਣ ਤੋਂ ਅਸਮਰਥ ਹੋਣਾ! ਅੰਤਰ-ਰਾਸ਼ਟਰਵਾਦ (INTERNATIONALISM) ਤੇ ਅੰਤਰ-ਰਾਸ਼ਟਰਵਾਦੀ ਸਾਂਝ ਦੀ ਗੱਲ ਮਹਾਨ ਹੈ, ਪ੍ਰੰਤੂ ਕਿੰਨਾ ਚੰਗਾ ਹੋਵੇ ਜੇ ਅਸੀਂ ਆਪਣੀਆਂ ਮੁਸ਼ਕਲਾਂ ਵੱਲ ਮੁੜ, ਏਥੇ ਸਿਰ ਤੇ ਸਹੀ ਹਾਲਾਤਾਂ 'ਚ ਥੋੜਾ ਜਿਹਾ ਹੋਰ ਧਿਆਨ ਦੇਈਏ।

ਘੱਟਗਿਣਤੀ-ਸੱਭਿਆਚਾਰ (MINORITY CULTURE) ਵੱਲ ਉਚਤਾ ਦੇ ਝੂਠੇ ਜਜ਼ਬੇ ਤੋਂ ਬਿਨਾਂ ਘੱਟ ਗਿਣਤੀਵਾਦ (MINORITYISM) ਕਦੇ ਜ਼ਿੰਦਾ ਨਹੀਂ ਰਹਿ ਸਕਦਾ। ਕੋਈ ਵੀ ਸੱਭਿਆਚਾਰ ਆਪਣੇ ਆਪ ਵਿੱਚ ਮਹਾਨ ਨਹੀਂ। ਸਾਰੇ ਸੱਭਿਆਚਾਰ ਵੱਖ ਵੱਖ ਹਨ ਕਿਉਂਕਿ ਉਨ੍ਹਾਂ ਦੇ ਜਨਮ ਦਾਤੇ ਸਮਾਜ ਵੱਖੋ ਵੱਖ ਸਮਾਜਕ, ਰਾਜਨੀਤਕ ਤੇ ਆਰਥਿਕ ਵਿਕਾਸ ਦੇ ਵੱਖੋ ਵੱਖ ਪੜਾਵਾਂ ਤੇ ਹਨ। ਸਹੀ ਸੋਚ ਵਿੱਚੋਂ ਉਪਜੀ ਪ੍ਰਸੰਸਾ ਅਗਿਆਨਤਾ ਵਿੱਚੋਂ ਜਨਮੀ ਘ੍ਰਿਣਾ ਤੋਂ ਲੱਖ ਦਰਜੇ ਚੰਗੀ ਹੈ। ਵਿਸ਼ਾਲ ਕੈਨੇਡੀਅਨ ਸੱਭਿਆਚਾਰ ਨੂੰ ਨਾ ਸਮਝਣ ਤੇ ਪ੍ਰਸੰਸਾ ਕਰ ਸਕਣ ਦੀ ਸਾਡੀ ਸ਼ਿਕਸਤ ਦਾ ਜਨਮ ਵੀ ਸਾਡੀ 'ਅਖੌਤੀ ਉਚਤਾ' ਦੀ ਭਾਵਨਾ 'ਚੋਂ ਹੋਇਆ ਹੈ।

ਸਾਡੀ ਕੌਮ ਦੇ ਕਈ ਵਡੇਰੇ ਇਹ ਕਹਿੰਦੇ ਸੁਣੇ ਗਏ ਹਨ ਕਿ ਕੈਨੇਡੀਅਨ ਕਦਰਾਂ ਕੀਮਤਾਂ ਜਿਵੇਂ: ਬੇਰੋਕੀਆਂ ਖੁੱਲਾਂ ਤੇ ਵੱਡਿਆਂ ਵੱਲ ਸਨਮਾਨ ਦੀ ਘਾਟ ਆਦਿਕ ਸਾਡੇ ਨੌਜੁਆਨਾਂ ਨੂੰ 'ਕਰੱਪਟ' ਕਰ ਰਹੀਆਂ ਹਨ। ਪ੍ਰੰਤੂ ਅਸੀਂ ਸਿਹਤਮੰਦ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬਿਲਕੁਲ ਹੀ ਜਤਨ ਨਹੀਂ ਕਰਦੇ। ਸਗੋਂ ਦੂਜੇ ਪਾਸੇ ਆਪਣੇ ਬੱਚਿਆਂ ਨੂੰ 'ਖ਼ਰਾਬ' ('ਕਰੱਪਟ') ਨਾ ਹੋਣ ਤੋਂ ਬਚਾਕੇ ਅਸੀਂ ਉਹਨਾਂ ਨੂੰ 'ਪੇਸ਼ਾਵਰ ਘੱਟ-ਗਿਣਤੀ

ਵਾਦੀ (PROFESSIONAL MINORITYISTS) ਬਣਾ ਰਹੇ ਹਾਂ। ਅਸਲੀਅਤ ਤੋਂ ਇਹ ਨਕਲੀ ਬਣਤਰ ਸਾਡੀ ਨਵੀਂ ਪੀੜ੍ਹੀ ਦੀ ਸੋਚ-ਸਮਝ ਤੇ ਸਮਾਜਕ ਗਿਆਨ ਨੂੰ ਸੀਮਤ ਕਰਦਾ ਹੈ।

ਕੈਨੇਡੀਅਨ-ਸੱਭਿਆਚਾਰ, ਬਹੁਤ ਸੱਭਿਆਚਾਰਾਂ ਦਾ ਮਿਸ਼ਰਣ ਹੈ। ਜਿਨ੍ਹਾਂ ਦੇ ਕਈ ਗੁਣ ਵੱਖ ਵੱਖ ਹਨ ਤੇ ਕਈ ਇੱਕੋ ਜਿਹੇ! ਕੋਈ ਵੀ ਸੱਭਿਆਚਾਰ ਕਦੇ ਖ਼ਤਮ ਨਹੀਂ ਹੁੰਦਾ ਭਾਵੇਂ ਉਸਨੂੰ ਕਿੰਨੇ ਹੀ ਦਬਾਵਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਬਹੁ-ਭਾਸ਼ਾ-ਵਾਦ (MULTI-LINGUISM) ਤੇ ਬਹੁ-ਸੱਭਿਆਚਾਰ-ਵਾਦ (MULTI-CULTUR[redacted]ALISM) ਦਾ ਸੁਪਨਾ ਤਦ ਸੱਚ ਹੋ ਸਕਦਾ ਹੈ ਜੇ ਕੈਨੇਡਾ ਦੀਆਂ ਸਾਰੀਆਂ ਘੱਟ ਗਿਣਤੀਆਂ (MINORITIES), ਸਿੱਖ ਘੱਟ ਗਿਣਤੀ ਸਮੇਤ; ਦੂਜੇ ਸੱਭਿਆਚਾਰਾਂ ਨੂੰ ਮਾਨਣ ਲਈ ਤਿਆਰ ਹੋਣ। ਨਹੀਂ ਤਾਂ ਘੱਟਗਿਣਤੀਵਾਦ ਦਿਨੋ ਦਿਨ ਵਧੇਗਾ। ਇਹ ਨਾ ਤਾਂ ਸਾਡਾ ਖੁਸ਼ਹਾਲ ਵਿਕਾਸ ਹੀ ਹੋਣ ਦੇਵੇਗਾ ਤੇ ਨਾ ਹੀ ਇਹ ਸਾਡੀ ਕਮਿਊਨਿਟੀ ਦੀ ਇਸ ਲੋੜ ਨੂੰ ਉਭਰਣ ਦੇਵੇਗਾ ਜਿਹੜੀ ਦੁਨੀਆਂ ਵਿਚਕਾਰ, ਰਲ-ਮਿਲਕੇ ਆਪਣੇ ਸੱਭਿਆਚਾਰ ਦੀ ਮਾਨਣਾ ਚਾਹੁੰਦੀ ਤੇ ਸਾਰੇ ਸਮਾਜ ਨਾਲ ਸਮਾਜਕ ਤੇ ਰਾਜਨੀਤਕ ਸੰਬੰਧ ਵੀ ਕਾਇਮ ਕਰ ਰਹੀ ਹੈ।

ਰਾਜਨੀਤੀ ਦੇ ਸਵਾਲ ਤੇ ਸੋਚਿਆਂ, ਘੱਟਗਿਣਤੀਵਾਦ ਦੀ ਲੋੜ ਨੂੰ ਇੱਕ ਪਿਛਾਂਹਖਿੱਚੂ ਤਾਕਤ ਦੇ ਤੌਰ ਤੇ ਕਦੇ ਨਹੀਂ ਭੁੱਲਣਾ ਚਾਹੀਦਾ। ਰਾਜਨੀਤੀ ਇਕ ਜ਼ਰੂਰੀ ਸ਼ਕਤੀ ਹੈ ਜਿਸਦੇ ਆਸਰੇ ਕੋਈ ਕੌਮ ਆਪਣੇ ਹੱਕਾਂ ਦੀ ਰਾਖੀ ਕਰ ਸਕਦੀ ਹੈ। ਮੁੱਖ ਤੌਰ ਸਾਡੇ ਲੀਡਰਾਂ ਨੇ ਕੌਮ ਨੂੰ ਰਾਜਨੀਤਕ ਤੌਰ ਤੇ ਸਿੱਖਿਅਤ ਕਰਨ ਦਾ ਕੋਈ ਮੁਨਾਸਬਾ ਹੋਇਆ ਜਤਨ ਨਹੀਂ ਕੀਤਾ। ਹੋਰ ਤੌਰ ਸਮਾਜਕ ਤੇ ਪਰਵਾਰਕ ਸੰਬੰਧਾਂ ਦੇ ਆਧਾਰ ਤੇ ਖੜੀ ਕੀਤੀ ਹੋਈ ਜਾਗੀਰਦਾਰੂ-ਰਾਜਨੀਤੀ ਦਾ ਹੀ ਡੰਕਾ ਹੈ। ਆਮ ਜਨਤਾ ਦੇ ਹਿਤਾਂ ਨੂੰ ਪਿੱਛੇ ਸੁਟਕੇ, ਲੀਡਰਾਂ ਦੇ ਜਾਤੀ ਤੌਰ ਤੇ ਕਾਰੋਬਾਰੀ ਹਿਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਰਾਜਨੀਤਕ-ਮੋਹਰੀਆਂ ਦੀਆਂ ਹੈਂਕੜ-ਭਰੀਆਂ ਨੀਤੀਆਂ ਸਾਡੀ ਕਮਿਊਨਿਟੀ ਦੀ ਕਿਸਮਤ ਨਾਲ ਖੇਡ ਰਹੀਆਂ ਹਨ।

ਨਸਲਵਾਦ (RACISM) ਦੇ ਖਿਲਾਫ਼ ਬਣਾਈ ਗਈ — 'ਰਾਜਨੀਤਕ ਵਿਚਾਰਾਂ ਤੋਂ ਉਪਰ ਉਠਕੇ ਏਕਾ ਕਰਨ ਬਾਰੇ' ਬੜਾ ਸ਼ੋਰ ਪਾਇਆ ਜਾ ਰਿਹਾ ਹੈ। ਪ੍ਰੰਤੂ ਜਦੋਂ ਅਮਲ ਕਰਨ ਦੀ ਗੱਲ ਆਉਂਦੀ ਹੈ ਤਾਂ ਮੁਲਕ ਲੀਡਰਾਂ ਦੇ ਜ਼ਾਤੀ ਹਿਤ ਇਸ ਅਤਿ-ਲੋੜੀਂਦੀ ਏਕਤਾ ਨੂੰ ਪਿੱਛੇ ਸੁੱਟ ਜਾਂਦੇ ਹਨ। ਕਾਰਣ ਇਹ ਹੈ ਕਿ ਹਰ ਰੰਗ ਦੇ ਲੀਡਰ, ਲੋਕਾਂ ਨੂੰ ਆਪਣੀ ਨਿਜੀ-ਜਾਇਦਾਦ ਸਮਝਦੇ ਹਨ ਅਤੇ ਖੁਦਗਰਜ਼ੀ ਤੇ ਗ਼ੈਰ-ਜਮਹੂਰੀ (UNDEMOCRATIC) ਢੰਗ ਨਾਲ ਪੇਸ਼ ਆਉਂਦੇ ਹਨ।

ਜਿਸ ਸਮੁੱਚੇ ਰਾਜਨੀਤਕ ਢਾਂਚੇ 'ਚ ਅਸੀਂ ਵਿਚਰ ਰਹੇ ਹਾਂ, ਉਸਦੇ ਹਵਾਲੇ ਤੋਂ ਬਿਨਾਂ, ਘੱਟ-ਗਿਣਤੀ-ਰਾਜਨੀਤੀ (MINORITY POLITICS) ਦਾ ਵਿਸ਼ਲੇਸ਼ਣ ਨਾਮੁਮਕਿਨ ਹੈ। ਪ੍ਰੰਤੂ ਬਹੁਤ ਸਾਰੇ 'ਰਾਜਨੀਤਕ-ਵਿਦਵਾਨ' ਸਾਡੀ ਕਮਿਊਨਿਟੀ ਨੂੰ ਸਮੁੱਚੀ ਕੈਨੇਡੀਅਨ ਰਾਜਨੀਤੀ ਤੋਂ ਟੁੱਟਣ ਦੀ ਪ੍ਰੇਰਨਾ ਦਿੰਦੇ ਹਨ। ਤਾਂ ਕਿ ਉਹ ਕਮਿਊਨਿਟੀ ਤੇ ਆਪਣਾ ਅਧਿਕਾਰ ਜਮਾਈ ਰੱਖਣ। ਰਾਜਨੀਤਕ ਹਲਕਿਆਂ ਵਿੱਚ ਪਹਿਲਾਂ ਹੀ ਵਧ ਰਹੇ ਘੱਟ ਗਿਣਤੀਵਾਦ ਨੂੰ ਇਸ ਸੋਚਣੀ ਨਾਲ ਹੋਰ ਸਹਿ ਮਿਲਦੀ ਹੈ ਜਿਸਦੇ ਹੋਰ ਗੰਭੀਰ ਸਿੱਟੇ ਨਿਕਲ ਰਹੇ ਹਨ ਤੇ ਨਿਕਲਦੇ ਰਹਿਣਗੇ। ਵਧ ਰਹੇ ਰਾਜਨੀਤਕ ਘੱਟ ਗਿਣਤੀ ਵਾਦ ਤੋਂ ਛੁਟਕਾਰੇ ਲਈ ਇੱਕੋ ਇਕ ਸ਼ਕਤੀਸ਼ਾਲੀ ਢੰਗ ਇਹ ਹੈ ਕਿ ਕੈਨੇਡਾ ਦੇ ਬਾਕੀ ਸਮਾਜ ਨਾਲ ਰਾਜਨੀਤਕ ਤੇ ਸਮਾਜਕ ਸੰਬੰਧ ਸਥਾਪਤ ਕੀਤੇ ਜਾਣ ਅਤੇ ਆਪਣੀ ਸੋਚਣੀ ਨੂੰ ਬਾਕੀ ਸਮਾਜ ਨਾਲ ਜੋੜਕੇ ਢਾਲਿਆ ਜਾਵੇ। ਅੰਤਰ-ਰਾਸ਼ਟਰਵਾਦ ਮਹਾਨ ਹੈ ਪ੍ਰੰਤੂ ਇਹ ਇੱਕ ਖਾਲੀ ਢੁਣਢੁਣਾ ਹੀ ਹੈ ਜਿੰਨਾਂ ਚਿਰ ਅਸੀਂ ਕੈਨੇਡੀਅਨ ਰਾਜਨੀਤੀ ਦੀ ਲੋੜ ਨੂੰ ਨਹੀਂ ਮਹਿਸੂਸਦੇ।

ਕੈਨੇਡਾ ਵਿੱਚ ਘੱਟਗਿਣਤੀਵਾਦ ਦੇ ਮਸਲੇ ਦੇ ਨਾਲ ਸਾਨੂੰ ਕੈਨੇਡੀਅਨ ਰਾਜਨੀਤੀ ਵਿੱਚ ਭਾਗ ਲੈਣ ਬਾਰੇ ਵੀ ਸੋਚਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਮਸਲਿਆਂ ਤੇ ਵੀ ਵਿਚਾਰ ਪ੍ਰਗਟਾਉਣੇ ਸ਼ੁਰੂ ਕਰਨੇ ਚਾਹੀਦੇ ਹਨ ਜਿਹੜੇ ਸਮੁੱਚੇ ਕੈਨੇਡੀਅਨ ਸਮਾਜ ਨਾਲ ਸਿੱਧਾ ਸੰਬੰਧ ਰਖਦੇ ਹਨ, ਜਿਵੇਂ — ਹਰ ਪੱਧਰ ਤੇ ਸਰਕਾਰ ਦੀਆਂ ਰਾਜਨੀਤਕ ਤੇ ਆਰਥਕ ਨੀਤੀਆਂ! ਕੀ ਅਸੀਂ ਕਦੇ ਇੰਨਾਂ ਮਸਲਿਆਂ ਦੀ ਗੱਲ ਛੇੜੀ ਹੈ? ਜੇ ਨਹੀਂ, ਤਾਂ ਸਮਾਂ ਆ ਗਿਆ ਹੈ ਕਿ ਆਪਣੇ 'ਫਰਜ਼' ਅਤੇ 'ਹੱਕ' ਦੇ ਤੌਰ ਤੇ ਗੱਲ ਛੇੜੀਏ!

ਵੀਹਵੀਂ ਸਦੀ ਦੇ ਆਰੰਭ ਵਿੱਚ ਅਸੀਂ ਆਪਣੀਆਂ ਮੁਸ਼ਕਲਾਂ ਬਾਰੇ ਜੋਰਦਾਰ ਪ੍ਰਤੀਕਰਮ ਵਿਖਾਇਆ। ਇਸ ਪ੍ਰਤੀਕਰਮ ਨੇ ਕੈਨੇਡੀਅਨਾਂ ਨੂੰ ਦੱਸਿਆ ਕਿ ਕੈਨੇਡੀਅਨ ਸਮਾਜ ਪ੍ਰਤੀ ਸਾਡੀ ਸਮੁੱਚੀ ਦੇਣ ਅਤੇ ਸਾਡੀ ਸਮਝ ਕੀ ਹੈ! ਗਦਰੀ ਬਾਬਿਆਂ ਨੇ ਜਥੇਬੰਦ ਹੋਕੇ ਆਪਣੇ ਅਧਿਕਾਰ ਹਾਸਲ ਕੀਤੇ ਤੇ ਵਰਤੇ; ਅਤੇ ਨਾਲ ਹੀ ਅਮਰੀਕਨਾਂ ਕੋਲੋਂ ਬਹੁਤ ਸਾਰਾ ਹੱਕੀ ਸਨਮਾਨ ਜਿੱਤਿਆ। ਪ੍ਰੰਤੂ ਅਸੀਂ ਆਪਣੇ ਹੱਕਾਂ ਲਈ ਜਥੇਬੰਦ ਹੋਕੇ ਲੜਨ ਦੀ ਆਪਣੀ ਪੁਰਾਣੀ ਪਿਰਤ ਨੂੰ ਚਾਲੂ ਨਹੀਂ ਰੱਖ ਸਕੇ। ਪਿਛਲੇ ਪੰਜੀ ਵਰ੍ਹੇ, ਅਸੀਂ ਕੈਨੇਡੀਅਨ ਸਮਾਜ ਵਿੱਚ ਆਪਣੇ ਆਪ ਲਈ ਢੁਕਵੀਂ ਜਗ੍ਹਾ ਹਾਸਲ ਕਰਨ ਲਈ ਜਦੋ-ਜਹਿਦ ਨਹੀਂ ਕੀਤੀ ਸਗੋਂ ਉੱਤਰੀ ਅਮਰੀਕਾ ਵਿੱਚ ਆਪਣੇ ਸਤਿਕਾਰਯੋਗ ਬਜ਼ੁਰਗਾਂ ਦੀਆਂ ਕੁਰਬਾਨੀਆਂ ਦੇ ਸਿਰ ਤੇ ਹੀ ਜਿਉਂਦੇ ਰਹੇ। ਸਾਡੇ ਲੀਡਰਾਂ ਦੇ ਨਿਖੇੜਵਾਦ (SPLITTISM) ਤੇ ਤੰਗਦਿਲ ਹਿਤਾਂ ਨੇ ਸਾਡਾ ਬਹੁਤ ਸਾਰਾ ਧਿਆਨ ਲੋੜਨ ਵਾਲੇ ਮਸਲਿਆਂ ਤੋਂ ਸਾਡਾ ਧਿਆਨ ਉਖੇੜੀ ਰੱਖਿਆ ਹੈ।

ਨਸਲਵਾਦ ਤੇ ਸਸਤੀ ਮਜ਼ਦੂਰੀ ਦੀ ਲੁੱਟ-ਖਸੁੱਟ ਦੇ ਅਸਲੀ ਵਿਸ਼ਿਆਂ ਤੋਂ ਸਾਡਾ ਧਿਆਨ ਇਸ ਤਰ੍ਹਾਂ ਉਖੇੜਿਆ ਜਾਣ ਕਰਕੇ ਹੀ ਵੈਨ-ਕੋਵਰ ਅਤੇ ਬੀ.ਸੀ. ਵਿੱਚ ਨਸਲਪਰੱਸਤ ਅੰਸ਼ ਫਿਰ ਸਿਰ ਚੁਕ ਰਹੇ ਹਨ।

ਅਸੀਂ ਸਾਰਿਆਂ ਨੇ ਆਮ ਕਰਕੇ ਅਤੇ ਸਾਡੀ ਲੀਡਰਸ਼ਿਪ ਨੇ ਖ਼ਾਸ ਕਰਕੇ ਆਪਣੇ ਆਪ ਨੂੰ ਇਸ ਧੋਖੇ ਦਾ ਸ਼ਿਕਾਰ ਬਣਾਈ ਰੱਖਿਆ ਹੈ ਕਿ 'ਨਸਲਵਾਦ' ਅਤੇ 'ਘੱਟ ਗਿਣਤੀ ਲੁੱਟ-ਖਸੁੱਟ' (MINORITY EXPLOITATION) ਦੇ ਮਸਲਿਆਂ ਦਾ ਕੋਈ ਵਜੂਦ ਹੀ ਨਹੀਂ। ਅਸੀਂ ਗਹਿਰੀ ਧਾਰਮਿਕਾਂ ਦੀਆਂ ਨਿਸ਼ਕਾਮ ਕੁਰਬਾਨੀਆਂ ਸਹਾਰੇ ਹੀ ਏਥੇ ਬਹੁਤਾ ਚਿਰ ਜਿਉਂਦੇ ਨਹੀਂ ਰਹਿ ਸਕਦੇ। ਜਾਂ ਤਾਂ ਸਾਡੇ ਲੀਡਰਾਂ ਨੂੰ ਸਾਡੀਆਂ ਮੁਸ਼ਕਲਾਂ ਨਾਲ ਸਿੱਝਣ ਲਈ ਕਮਿਊਨਿਟੀ ਨੂੰ ਜਥੇਬੰਦ ਕਰਨਾ ਪਏਗੀ ਜਾਂ ਲੀਡਰਸ਼ਿੱਪ ਉਨ੍ਹਾਂ ਹੱਥਾਂ 'ਚ ਸੌਂਪਣੀ ਪਏਗੀ ਜਿਹੜੇ ਇਹ ਜ਼ਿੰਮੇਵਾਰੀ ਸੰਭਾਲਣ ਲਈ ਤਿਆਰ ਹੋਣ। ਇਸ ਸਮੇਂ ਸਾਡੀ ਕਮਿਊਨਿਟੀ ਦੇ ਬਹੁ-ਲੜੀਏ ਤੇ ਪਕੜ ਛੁੱਟੇ ਵਿਕਾਸ ਲਈ ਇਕ ਜਥੇਬੰਦ ਜਮਹੂਰੀ ਜਦੋਜਹਿਦ ਦੀ ਲੋੜ ਉਭਰ ਕੇ ਸਾਹਮਣੇ ਆਈ ਹੈ। ਜੇਕਰ ਅਸੀਂ ਜਮਹੂਰੀ ਸਫ਼ਰ ਲਈ ਰਸਤਾ ਬਣਾਉਣ ਵੱਲ ਧਿਆਨ ਨਹੀਂ ਦਿੱਤਾ ਤਾਂ ਘੱਟਗਿਣਤੀਵਾਦ ਸਾਡੀ ਕਮਿਊਨਿਟੀ ਨੂੰ ਦਿਨੋਂ ਦਿਨ ਪ੍ਰਭਾਵਹੀਨ ਤੇ ਕਮਜ਼ੋਰ ਬਣਾਉਂਦਾ ਹੀ ਤੁਰਿਆ ਜਾਵੇਗਾ ਜਦਕਿ ਲੋੜ ਪ੍ਰਭਾਵਹੀਨਤਾ ਤੇ ਕਮਜ਼ੋਰੀ ਦੀ ਨਹੀਂ ਸਗੋਂ ਪ੍ਰਭਾਵਸ਼ਾਲੀ ਅਤੇ ਬਲਵਾਨ ਹੋਣ ਦੀ ਹੈ। ਸੰਪੂਰਨ ਜਮਹੂਰੀਕਰਨ (TOTAL DEMOCRATISATION) ਘੱਟਗਿਣਤੀਵਾਦ ਦੇ ਖ਼ਾਤਮੇ ਦਾ ਪਕਿਆਂ ਤੇ ਸਕਦਾ ਅਤੇ ਸਾਡੀ ਕਮਿਊਨਿਟੀ ਦੇ ਰਾਜਨੀਤਕ ਅਤੇ ਆਰਥਿਕ ਹਲਕਿਆਂ ਵਿੱਚ ਨਵੀਆਂ ਚੋਟੀਆਂ ਦਾ ਪਰ-ਦੁਆਰਾ ਵੀ।

ਅੰਗਰੇਜ਼ੀ ਬੋਲੀ ਦਾ ਅਗਿਆਨ ਵੀ ਸਾਨੂੰ ਆਲੇ ਦੁਆਲੇ ਦੇ ਜੀਵਨ ਵਿੱਚ ਭਰਪੂਰ ਹਿੱਸਾ ਲੈਣ ਤੋਂ ਰੋਕਦਾ ਹੈ। ਸਾਡੇ ਤੇ ਅੰਗਰੇਜ਼ੀ ਜਾਂ ਫਰੈਂਚ ਸਿੱਖਣ ਦਾ ਕੋਈ ਵੀ ਕਾਨੂੰਨੀ ਜਾਂ ਸਰਕਾਰੀ ਤੌਰ ਤੇ ਥੋਪਿਆ ਬੋਝ ਨਹੀਂ ਹੈ। ਪੂਰੇ ਚੰਗੇ ਨਾਗਰਿਕ ਹੋਣ ਲਈ ਅੰਗਰੇਜ਼ੀ ਦਾ ਕੁਝ ਗਿਆਨ ਜ਼ਰੂਰੀ ਹੈ। ਬੋਲੀ ਨੂੰ ਸਿੱਖੇ ਬਿਨਾਂ ਤੇ ਇਉਂ ਕੈਨੇਡੀਅਨਾਂ ਨਾਲ ਗੱਲਬਾਤ ਕਰੇ ਬਿਨਾਂ ਹੱਕਾਂ ਲਈ ਜੰਗ ਸਫਲ ਹੋਣੀ ਨਾਮੁਮਕਿਨ ਹੈ। ਬੋਲੀ ਦਾ ਮਸਲਾ ਵੀ ਘੱਟਗਿਣਤੀਵਾਦ (MINORITYISM) ਨੂੰ ਹੋਰ ਉਛਾਲਦਾ ਹੈ। ਹੋਰਨਾਂ ਨਾਲ ਜਾਣ-ਪਛਾਣ ਦੀ ਖਾਹਸ਼ ਰੱਖਣ ਵਾਲਿਆਂ ਲਈ ਬੋਲੀ ਦਾ ਗਿਆਨ ਇਕ ਕ੍ਰਿਸ਼ਮਾ ਹੈ ਅਤੇ ਸਾਡੀਆਂ ਮੁਸ਼ਕਲਾਂ- ਜਿਨ੍ਹਾਂ ਵਿੱਚ ਘੱਟਗਿਣਤੀਵਾਦ ਵੀ ਹੈ— ਦੇ ਹੱਲ ਲਈ ਇਕ ਜ਼ਬਰਦਸਤ ਹਥਿਆਰ ਵੀ!

ਘੱਟਗਿਣਤੀਵਾਦ ਇਕ ਖ਼ਤਰਨਾਕ ਮਸਲਾ ਹੈ ਤੇ ਇਸਦੀ ਵਧ ਰਹੀ ਲੋਰ ਨੂੰ ਰੋਕਣ ਲਈ ਸਾਨੂੰ :

(ੳ) ਜਥੇਬੰਦ ਹੋਣਾ ਚਾਹੀਦਾ ਹੈ

(ਅ) ਜਾਗੀਰਦਾਰੀ ਰਾਜਨੀਤੀ ਪਰੇ ਛੱਡਕੇ ਜਮਹੂਰੀਅਤ ਵੱਲ ਵਧਣਾ ਚਾਹੀਦਾ ਹੈ।

(ੲ) ਸਮਾਜ ਦੇ ਬਾਕੀ ਸੱਭਿਆਚਾਰਾਂ ਤੇ ਬੋਲੀਆਂ ਨਾਲ ਜਾਣ-ਪਛਾਣ ਕਾਇਮ ਕਰਨੀ ਚਾਹੀਦੀ ਹੈ।

(ਸ) ਆਪਣੇ ਕੈਨੇਡਾ ਵਿਚ ਵਸ ਰਹੇ ਹੋਣ ਦੀ ਹਕੀਕਤ ਨੂੰ ਇਕਬਾਲ ਕਰਨਾ ਚਾਹੀਦਾ ਹੈ ਅਤੇ

(ਹ) ਰਾਜਨੀਤਕ-ਨਾਗਰਿਕਾਂ ਦੇ ਤੌਰ ਤੇ ਕੈਨੇਡੀਅਨ ਰਾਜਨੀਤੀ ਵਿੱਚ ਥਾਂ ਹਾਸਲ ਕਰਨੀ ਚਾਹੀਦੀ ਹੈ!

ਉਪਰੋਕਤ ਗੱਲਾਂ ਦਾ ਸਿੱਟਾ ਇਹ ਕਦਾਚਿਤ ਨਹੀਂ ਹੋਣਾ ਚਾਹੀਦਾ ਕਿ ਅਸੀਂ ਆਪਣੇ ਸੱਭਿਆਚਾਰਕ ਵਿਰਸੇ ਨੂੰ ਹੀ ਤਿਆਗ ਦੇਈਏ। ਪਰ ਨਾਲ ਹੀ ਕੁਛ ਕੁ ਕੈਨੇਡੀਅਨ ਲੋਕਾਂ ਵਿੱਚ ਨਸਲਵਾਦੀ ਅੰਸ਼ ਨੂੰ ਦੇਖਕੇ ਸਾਨੂੰ ਆਪਣੀ 'ਘੱਟ ਗਿਣਤੀ ਸਥਿਤੀ' (MINORITYIST POSITION) ਨੂੰ ਬਹੁਤਾ ਉਛਾਲਣਾ ਨਹੀਂ ਚਾਹੀਦਾ ਸਗੋਂ ਸਾਨੂੰ ਆਪਣੇ ਰੋਜ਼ਾਨਾ ਜੀਵਨ ਦੇ ਹਰ ਖੇਤਰ ਵਿਚ ਵਧੇਰੇ ਗੰਭੀਰ ਤੇ ਜ਼ੋਰ ਸ਼ੋਰ ਨਾਲ ਭਾਗ ਲੈਣਾ ਚਾਹੀਦਾ ਹੈ।

ਸਾਡਾ ਇਹ ਭਾਗ ਲੈਣਾ (PARTICIPATION) ਨਸਲਵਾਦ ਨੂੰ ਅੱਗੇ ਦਬਾਈ ਰੱਖੇਗਾ। ਇਹ ਹੀ ਕੈਨੇਡੀਅਨ ਲੋਕਾਂ ਦੀ ਬਹੁ-ਗਿਣਤੀ ਦੀ ਸਹਿਮਤੀ ਸਾਡੇ ਲਈ ਜਿੱਤਕੇ, ਨਸਲਵਾਦ ਨੂੰ ਖ਼ਤਮ ਕਰਨ ਵਿਚ ਸਹਾਈ ਹੋਵੇਗਾ। ਸਾਡੀ 'ਆਰਥਿਕ ਦੌੜ ਨਾਲ ਜੁੜੀ ਹੋਈ' ਸਾਡੀ 'ਰਾਜਨੀਤਕ ਹਿੱਸਾ ਲੈਣ ਦੀ ਕੋਸ਼ਿਸ਼'; ਅਤੇ ਵਧੇਰੇ 'ਸਮਾਜਕ ਤੇ ਸੱਭਿਆਚਾਰਕ ਸੂਝ ਤੇ ਪ੍ਰਸੰਸਾ' (UNDERSTANDING & APPRECIATION) — ਘੱਟਗਿਣਤੀਵਾਦ ਦੇ ਮਸਲੇ ਦਾ ਹੱਲ ਹੈ। ਕੈਨੇਡੀਅਨ ਰਾਜਨੀਤੀ 'ਚ ਭਾਗ ਲੈਣਾ 'ਘੱਟਗਿਣਤੀਵਾਦ' (MINORITYISM) ਦੇ ਮਸਲੇ ਦੀ ਕੁੰਜੀ ਹੈ ਕਿਉਂਕਿ ਇਹ ਹੱਲ ਇਸ ਮਸਲੇ ਨੂੰ ਖ਼ਤਮ ਕਰਨ ਲਈ ਕੀਤੇ ਗਏ ਸਾਡੇ ਯਤਨਾਂ ਵਿਚੋਂ ਨਿੱਕਲਿਆ ਹੈ।


# FILM INFORMATION
## (ਫਿਲਮ-ਸੂਚਨਾ)

1. Queen Elizabeth Playhouse, Vancouver:
   Call, Avtar Bains (325-7369), Amarjit Binning (327-9573)
2. Metro Theatre, Olympia Theatre, Centennial, & Aboscastle Theatre Abbotsford:
   Call, Horizon Films Ltd. – 321-6214 ; 321-1104.
3. Centennial Theatre, Surrey (Phone: 596-7461):
   Call, Ajanta Films – 434-9812, 435-6227.

ਫਿਲਮ ਸੂਚਨਾ:
ਅਵਤਾਰ ਬੈਂਸ (325-7369), ਅਮਰਜੀਤ ਬਿਨਿੰਗ (327-9573)
ਹੋਰਾਈਜ਼ਨ ਫਿਲਮਜ਼ ਲਿਮਿਟਡ (321-6214, 321-1104)
ਅਜੰਤਾ ਫਿਲਮਜ਼ ਕਾਰਪੋਰੇਸ਼ਨ (434-9812, 435-6227)

# ਸਾਜ਼ ਅਤੇ ਅਵਾਜ਼

## 1. ਕਣਕ ਦੀ ਬੱਲੀ

ਲੇਖਕ : ਬਲਵੰਤ ਗਾਰਗੀ
ਨਿਰਦੇਸ਼ਕ : ਹਰਪਾਲ ਟਿਵਾਣਾ
ਪ੍ਰੋਡਕਸ਼ਨ ਮੈਨੇਜਰ : ਜੋਗ ਰਾਜ ਸੇਠਾ

ਪੰਜਾਬ ਕਲਾ ਮੰਚ ਪਟਿਆਲਾ ਵੱਲੋਂ ਪ੍ਰਸਿੱਧ ਨਿਰਦੇਸ਼ਕ ਹਰਪਾਲ ਟਿਵਾਣਾ ਦਾ ਨਿਰਦੇਸ਼ਤ ਕੀਤਾ ਨਾਟਕ 'ਕਣਕ ਦੀ ਬੱਲੀ' 6 ਜਨਵਰੀ ਨੂੰ ਕੁਈਨ ਐਲਿਜ਼ਾਬੈੱਥ ਪਲੇ ਹਾਊਸ ਵੈਨਕੂਵਰ ਵਿੱਚ ਖੇਡਿਆ ਗਿਆ।

'ਕਣਕ ਦੀ ਬੱਲੀ' ਬਾਰੇ ਗਾਰਗੀ ਨੇ ਖੁਦ ਲਿਖਿਆ ਹੈ, "ਫਸਲਾਂ ਉੱਗਦੀਆਂ ਹਨ, ਸੁਨਹਿਰੀ ਬੱਲੀਆਂ ਝੂਮਦੀਆਂ ਹਨ, ਪਰ ਇਹਨਾਂ ਨੂੰ ਖਾਂਦਾ ਕੌਣ ਹੈ? ਕੌਣ ਮਿਹਨਤ ਕਰਦਾ ਹੈ ਤੇ ਕੌਣ ਲੁੱਟਕੇ ਲੈ ਜਾਂਦਾ ਹੈ? ਕਈ ਵਾਰ ਇਸੇ ਖੋਹਾ ਖਿੰਝੀ ਵਿੱਚ ਬੱਲੀ ਲਿਤੜੀ ਜਾਂਦੀ ਹੈ।"

ਇੰਨਾਂ ਸਤਰਾਂ ਤੇ ਆਧਾਰਤ ਇਸ ਪ੍ਰਤੀਕ ਪ੍ਰਧਾਨ (SYMBOLIC) ਨਾਟਕ ਨੂੰ ਲੇਖਕ ਨੇ ਤ੍ਰਿਕੋਣਾਂ ਦੀ ਇਕ ਜਟਿਲ ਤੇ ਸੁਲੱਖੀ ਮੁਹਿਆਰ ਤਾਰੋ ਦੁਆਲੇ ਘੁਮਾਇਆ ਹੈ। ਪਿੰਡ ਦਾ ਨੌਜੁਆਨ ਵਣਜਾਰਾ ਧਰਨਾ ਉਸਨੂੰ ਪਹਿਲੀ ਵਾਰ ਪਿਆਰ-ਜਾਦੂ ਦਾ ਅਹਿਸਾਸ ਕਰਵਾਉਂਦਾ ਹੈ। ਬਦਮਾਸ਼ ਜਾਗੀਰਦਾਰ ਮੱਘਰ ਆਪ ਦੀ ਰੋਗੀ ਪਤਨੀ ਠਾਕਰੀ ਦੀਆਂ ਸਧਰਾਂ ਕੁਚਲਕੇ ਤਾਰੋ ਨੂੰ ਆਪਣਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ ਅਤੇ ਪਿੰਡ ਦੀ ਫਫੇਕੁਟਣੀ ਤਾਬਾਂ ਰਾਹੀਂ ਤਾਰੋ ਦੇ ਸ਼ਰਾਬੀ ਮਾਮੇ ਮਾਝੂ ਕੋਲੋਂ ਤਾਰੋ ਨੂੰ ਖਰੀਦਣ ਵਿੱਚ ਸਫਲ ਹੋ ਜਾਂਦਾ ਹੈ। ਮੱਘਰ ਦੀ ਹਵਸ ਦਾ ਸ਼ਿਕਾਰ ਹੋਈ ਤਾਰੋ ਜਦ ਆਪਣੇ ਪਿਆਰ ਦੀ ਸ਼ਰਨ ਲੈਂਦੀ ਹੈ ਤਾਂ ਧਰਨੇ ਨੂੰ ਮੱਘਰ ਦੇ ਬਦਮਾਸ਼ ਸੇਠਾ ਤੇ ਕਿਰਪਾ ਕਤਲ ਕਰ ਦਿੰਦੇ ਹਨ ਤੇ ਤਾਰੋ ਖੁਦਕਸ਼ੀ ਕਰ ਲੈਂਦੀ ਹੈ। ਮਮਤਾ 'ਚ ਭਿੱਜੀ ਤੇ ਦੱਬੀ ਕੁਚਲੀ, ਧਰਨੇ ਦੀ ਮਾਂ ਨਿਹਾਲੀ; ਪਿੰਡ ਦਾ ਬੁੱਢਾ ਪੈਨਸ਼ਨੀਆ ਹਮਦਰਦ-ਦਿਲ ਨਰਾਇਣਾ; ਅਤੇ ਜਾਗੀਰਦਾਰ ਦੇ ਧੱਕੇ ਧੋਲੇ ਸਹਿੰਦਾ, ਅਤੇ ਸਭ ਕੁਝ ਲੁਟਾਕੇ ਬਾਗੀ ਹੋਣ ਵਾਲਾ ਨੌਕਰ ਸ਼ੇਰੂ ਇਸ ਨਾਟਕ ਦੇ ਸਹਾਇਕ ਪਾਤਰ ਹਨ।

ਕੈਸਪਰ ਡੇਵਿਡ ਫਰੈਡਰਿਕ ਨੇ ਇਕ ਵਾਰ ਲਿਖਿਆ ਹੈ, "ਚਿਤਰਕਾਰ ਨੂੰ ਸਿਰਫ਼ ਉਹੋ ਕੁਝ ਨਹੀਂ ਚਿਤਰਨਾ ਚਾਹੀਦਾ, ਜੋ ਉਹ ਆਪਣੇ ਸਾਹਮਣੇ ਵੇਖਦਾ ਹੈ, ਸਗੋਂ ਉਹ ਵੀ, ਜੋ ਉਹ ਆਪਣੇ ਅੰਦਰ ਵੇਖਦਾ ਹੈ। ਤੇ ਜੇ ਉਸਨੂੰ ਆਪਣੇ ਅੰਦਰ ਕੁਝ ਨਹੀਂ ਦਿਸਦਾ ਤਾਂ ਉਸਨੂੰ ਚਿਤਰਕਾਰੀ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ।" ਉਸਦੇ ਇਹ ਸ਼ਬਦ ਚਿੱਤਰ-ਕਲਾ ਤੋਂ ਬਿਨਾਂ ਕਲਾ ਦੇ ਹਰ ਰੂਪ ਤੇ ਢੁਕਦੇ ਹਨ ਅਤੇ ਕੈ. ਡੈ. ਫਰੈਡਰਿਕ ਦੀਆਂ ਸਤਰਾਂ ਤੇ ਪੂਰਾ ਉਤਰਦੇ ਜਿਹੜੇ ਦੋ ਪਾਤਰ ਆਪਣੇ ਅੰਦਰ ਤੇ ਬਾਹਰ ਦੀ ਅਭਿਨਯ-ਕਲਾ ਦੀ ਝਲਕ ਦਿਖਾ ਸਕੇ, ਉਹ ਸਨ: ਨੀਨਾ ਟਿਵਾਣਾ (ਤਾਬਾਂ) ਤੇ ਜੋਗ ਰਾਜ ਸੇਠਾ (ਸ਼ੇਰੂ)।

ਨੀਨਾ ਟਿਵਾਣਾ ਨੇ ਬੋਲਣ ਦੇ ਉਤਰਾ-ਚੜ੍ਹਾ, ਚਿਹਰੇ ਦੇ ਹਾਵ-ਭਾਵ ਤੇ ਯਥਾਰਥਕ-ਅਦਾਇਗੀ ਨਾਲ ਫਫੇਕੁਟਣੀ ਤਾਬਾਂ ਦੇ ਮੱਕਾਰ ਤੇ ਸਵਾਰਥੀ ਚਰਿੱਤਰ ਨੂੰ ਪੇਸ਼ ਕਰਕੇ ਉੱਚ ਪੱਧਰੀ ਅਭਿਨਯ-ਕਲਾ ਦਾ ਪਰਦਰਸ਼ਨ ਕੀਤਾ।

ਜੋਗ ਰਾਜ ਸੇਠਾ ਨੇ ਵੀ ਸਿੱਧੇ-ਸਾਦੇ ਅਤੇ ਕਮਲੇ ਜਿਹੇ ਨੌਕਰ ਸ਼ੇਰੂ ਦਾ ਪਹਿਲਾਂ ਮਜ਼ਲੂਮ ਤੇ ਫੇਰ ਬਾਗ਼ੀ ਰੂਪ ਸਫਲਤਾ ਨਾਲ ਅਦਾ ਕਰਕੇ ਦਰਸ਼ਕਾਂ ਦਾ ਮਨ ਜਿੱਤ ਲਿਆ।

ਇਹ ਦੋਵੇਂ ਕਲਾਕਾਰ ਆਪਣੀ ਅਦਾਕਾਰੀ ਦੀ ਸਿਖਰ ਤੇ ਸਨ ਤੇ ਨਿਰਸੰਦੇਹ ਵਧਾਈ ਦੇ ਹੱਕਦਾਰ ਹਨ।

ਗੁਰਦੀਪ ਗਰੇਵਾਲ ਨੇ ਮਾਝੂ ਦੇ ਰੂਪ ਵਿੱਚ ਕਲਾ ਦਾ ਪ੍ਰਸੰਸਾਯੋਗ ਨਮੂਨਾ ਪੇਸ਼ ਕੀਤਾ। ਨਾਟਕ ਦੇ ਆਰੰਭ ਵਿੱਚ ਨਿਖੱਟੂ ਸ਼ਰਾਬੀ, ਮਧ ਵਿੱਚ ਪਸ਼ਚਾ-ਤਾਪੀ ਤੇ ਅੰਤ ਵਿਚ ਉਦਾਸ ਮਨੁੱਖ ਦਾ ਕਿਰਦਾਰ ਪੇਸ਼ ਕਰਨ ਵਿੱਚ ਗਰੇਵਾਲ ਬਹੁਤ ਕਾਮਯਾਬ ਰਿਹਾ।

ਨਾਟਕ ਦੇ ਨਾਇਕ ਤੇ ਨਾਇਕਾ ਦੇ ਤੌਰ ਤੇ ਮੋਹਨ ਭੰਗਨ (ਧਰਨਾ) ਤੇ ਚਰਨਜੀਤ ਚੀਮਾ (ਤਾਰੋ) ਨੇ ਯਾਦਗਾਰੀ ਰੋਲ ਅਦਾ ਕੀਤਾ। ਮੋਹਨ ਭੰਗਨ ਦੀ ਆਵਾਜ਼ ਤੇ ਅਦਾ ਵਿੱਚ ਧਰਨੇ ਦੇ ਪਿਆਰ-ਮੋਹ ਵਿਚ ਦੀ ਡੂੰਘਾਈ ਸੀ ਤੇ ਚਰਨਜੀਤ ਚੀਮਾ ਵਿੱਚ ਤਾਰੋ ਦੀ ਅਣਭੋਲ ਸ਼ਖਸੀਅਤ ਦੀਆਂ ਮਨਮੋਹਕ ਝਲਕਾਂ! ਪੰਜਾਬੀ ਰੰਗਮੰਚ ਦੀਆਂ ਮੌਜੂਦਾ-ਸੀਮਾਵਾਂ ਵਿੱਚ ਦੋਹਾਂ ਨੇ ਇੱਕ ਨਿਸ਼ਕਾਮ ਪ੍ਰੇਮੀ-ਜੋੜੇ ਦੀਆਂ ਭਾਵਨਾਵਾਂ ਨੂੰ ਕਲਾਮਈ-ਖੂਬੀ ਨਾਲ ਸਾਕਾਰ ਕੀਤਾ।

ਮੱਘਰ ਦੇ ਰੂਪ ਵਿੱਚ ਨਾਟਕ ਦਾ ਨਿਰਦੇਸ਼ਕ ਹਰਪਾਲ ਟਿਵਾਣਾ ਕਾਫ਼ੀ ਜਚਿਆ। ਉਸਦੇ ਹੱਸਣ ਦੇ ਅੰਦਾਜ਼ ਤੇ ਚਿਹਰੇ ਦਾ ਹਾਵ-ਭਾਵ ਮੱਘਰ ਦੀ ਹਵਸ ਭਰੀ ਕਮੀਨਗੀ ਤੇ ਬਦਮਾਸ਼ੀ ਨੂੰ ਚੰਗੀ ਤਰ੍ਹਾਂ ਪੇਸ਼ ਕਰ ਗਏ। ਪਰੰਤੂ ਉਸ ਵਰਗੇ ਹੰਢੇ ਹੋਏ ਕਲਾਕਾਰ ਕੋਲੋਂ 'ਚਮਕੌਰ ਦੀ ਗੜ੍ਹੀ' ਦੇ 'ਨਵਾਬ ਵਜ਼ੀਰ ਖਾਂ' ਵਰਗੀ ਯਾਦਗਾਰੀ ਅਦਾਕਾਰੀ ਦੀ ਦਰਸ਼ਕਾਂ ਦੀ ਆਸ, ਅਪੂਰਨ ਹੀ ਰਹੀ।

ਮੱਘਰ ਦੀ ਸਤੀ ਹੋਈ ਮੂੰਹ-ਫੱਟ ਤੇ ਸ਼ੱਕੀ ਪਤਨੀ ਠਾਕਰੀ ਦੇ ਰੂਪ ਵਿੱਚ ਮਨਜੀਤ ਆਹਲੂਵਾਲੀਆ ਦੀ ਅਦਾਕਾਰੀ ਕਾਫ਼ੀ ਚੰਗੀ ਸੀ। ਧਰਨੇ ਦੀ ਮਾਂ ਨਿਹਾਲੀ ਦੇ ਦਰਦ-ਭਿੱਜੇ ਅਤੇ ਔਖੇ ਰੋਲ ਨੂੰ ਬਲਵਿੰਦਰ ਜੌਹਲ ਨੇ ਪ੍ਰਭਾਵਸ਼ਾਲੀ ਢੰਗ ਨਾਲ ਅਦਾ ਕੀਤਾ। ਤਾਰੋ ਲਈ ਬਜ਼ੁਰਗੀ ਪਿਆਰ ਤੇ ਉਸਦੀ ਸਦਾ ਲਈ ਵਿਛੜੀ ਮਾਂ ਵੱਲ ਸਨੇਹ ਭਾਵਨਾਵਾਂ ਰੱਖਣ ਵਾਲੇ ਪਿੰਡ ਦੇ ਬੁੱਢੇ ਤੇ ਸਚਾਈ ਪਸੰਦ ਪੈਨਸ਼ਨੀਏ ਨਰਾਇਣੇ ਦੇ ਰੂਪ ਵਿੱਚ ਸੁਰਿੰਦਰ

ਪੰਜਾਬ ਨੂੰ ਠੀਕ ਹੀ ਕਿਹਾ ਜਾ ਸਕਦਾ ਹੈ।

ਕਮਲੈਸ਼ ਮਾਨ (ਸ਼ੇਰਾ), ਮਨਮੋਹਨ ਸੰਧੂ (ਕਿਰਪਾ), ਭੂਪਿੰਦਰ ਧਾਲੀਵਾਲ (ਮੇਲੇ 'ਚ ਝਗੜੇ ਦਾ ਮੋਹਰੀ); ਬਲਬੀਰ, ਜੋਗਿੰਦਰ, ਮਿਸਲੀਆ ਤੇ ਊਨਾ (ਤਾਰੋ ਦੀਆਂ ਸਹੇਲੀਆਂ) ਆਪਣੇ ਨਿੱਕੇ ਨਿੱਕੇ ਰੋਲਾਂ ਵਿੱਚ ਨਾਟਕ ਦੇ ਪ੍ਰਭਾਵ ਨੂੰ ਤੀਖਣ ਬਣਾਉਣ ਵਿੱਚ ਸਫਲ ਰਹੇ।

ਸਮੁੱਚੇ ਤੌਰ ਤੇ ਹਰਪਾਲ ਟਿਵਾਣਾ ਦੀ ਅਲੋਚਕਾਰ-ਡਾਇਰੈਕਸ਼ਨ, ਆਪਣੇ ਆਪ ਤੋਂ ਮੱਘਰ ਦੀ ਜਾਗੀਰਦਾਰੀ-ਬਦਮਾਸ਼ੀ; ਨੀਨਾ ਤੋਂ ਤਾਬਾਂ ਦੀ ਨੀਰਤਾ, ਲਾਲਚ ਤੇ ਜਵਾਨੀ ਪ੍ਰਤੀ ਲਲਕ; ਜੋਗ ਰਾਜ ਤੋਂ ਸ਼ੀਰੂ ਦੀ ਸਾਦਗੀ ਤੇ ਨਿਰਛਲਤਾ; ਗੁਰਦੀਪ ਤੋਂ ਸ਼ਰਾਬੀ ਦੀ ਕਮਜ਼ੋਰੀ ਤੇ ਪਸ਼ਚਾਤਾਪ ਦੀ ਤੜਪਨ; ਮੋਹਨ ਬੱਗਨ ਤੋਂ ਨਿੱਘਾ ਮਾਂ-ਪਿਆਰ ਤੇ ਮਿਰਜ਼ੱਬ ਨਵਯੁਵਕ ਦਾ ਪ੍ਰੀਤ-ਜਜ਼ਬਾ, ਰਣਜੀਤ ਚੀਮਾ ਤੋਂ ਜੁਆਨੀ ਦੀਆਂ ਦਲ੍ਹੀਜਾਂ ਟਪਦੀ ਅੱਲ੍ਹੜ ਤੇ ਖ਼ੂਬਸੂਰਤ ਲੜਕੀ ਤਾਰੋ ਦੀ ਮਾਸੂਮੀਅਤ; ਮਨਜੀਤ ਆਹਲੂਵਾਲੀਆ ਤੋਂ ਠਾਕਰੀ ਦਾ ਬੇਦੋਸ਼ ਤੇ ਛਲ-ਹੀਨ ਗੁੱਸਾ; ਬਲਵਿੰਦਰ ਜੌਹਲ ਕੋਲੋਂ ਠੁਕਰਾਈ ਮਾਂ ਨਿਹਾਲੀ ਦਾ ਝੁਰ ਝੁਰ ਪੈਂਦਾ ਮੋਹ ਤੇ ਸੁਰਿੰਦਰ ਪੰਜਾਬ ਤੋਂ ਹਮਦਰਦ-ਦਿਲ ਪੈਨਸ਼ਨੀਏ ਨਾਰਾਇਣੇ ਦੀ ਸੁਹਿਰਦ-ਗੰਭੀਰਤਾ ਪੇਸ਼ ਕਰਵਾਉਣ ਵਿੱਚ ਸਫਲ ਰਹੀ। ਪਰੰਤੂ ਪਿਛਲੇ ਤਿੰਨੇ ਕਲਾਕਾਰਾਂ ਵੱਲੋਂ ਕਿਤੇ ਕਿਤੇ ਕਾਵਿ ਮਈ ਤੇ ਜਜ਼ਬੇ ਭਰੇ ਵਾਰਤਾਲਾਪ ਨੂੰ ਢੁਕਵਾਂ ਢੰਗ ਨਾਲ ਰੂਪਮਾਨ ਨਾ ਕਰ ਸਕਣਾ ਦਸਦਾ ਹੈ ਕਿ ਨਿਰਦੇਸ਼ਕ ਇਨ੍ਹਾਂ ਤਿੰਨ੍ਹਾਂ ਨੂੰ ਬਾਕੀ ਕਲਾਕਾਰਾਂ ਵਾਂਗ ਨਾਟਕ ਦੇ ਵਿਸ਼ਾਲ ਚੌਖਟੇ ਵਿੱਚ ਨਹੀਂ ਫਿਟ ਕਰ ਸਕਿਆ।

ਨਾਟਕ ਦਾ ਸੰਗੀਤ ਢੁਕਵਾਂ ਸੀ। ਖ਼ਾਸ ਕਰਕੇ ਅੰਤਲੇ ਦਰਦਨਾਕ ਸੀਨਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਵਿੱਚ ਸੰਗੀਤ ਦਾ ਅਹਿਮ ਹਿੱਸਾ ਸੀ। ਮੇਕ ਅੱਪ ਬਹੁਤ ਹੀ ਸਲਾਹੁਣਯੋਗ ਸੀ ਪਰੰਤੂ ਰੌਸ਼ਨੀ ਦਾ ਪ੍ਰਭਾਵ ਨਾਟਕ ਨੂੰ ਕੋਈ ਦੇਣ ਨਹੀਂ ਦੇ ਸਕਿਆ।

ਰੰਗ-ਮੰਚ ਦੀ ਰੂਪ ਰੇਖਾ (STAGE-SETTING) — ਜੋ ਕਿ ਸਾਰੇ ਨਾਟਕ ਵਿੱਚ ਇੱਕੋ ਹੀ ਰਹੀ — ਵੀ ਸਾਦਗੀ ਨਾਟਕ ਦੇ ਪੱਧਰ ਦੀ ਹਾਣ ਨਹੀਂ ਸੀ। ਇੱਕ ਬੋਹੜ ਦੇ ਥੜੇ ਤੋਂ ਹੀ ਬੇਰੀ ਦੇ ਮੁੱਢ, ਮੰਜੀ ਤੇ ਪੀੜ੍ਹੀ ਆਦਿ ਦਾ ਕੰਮ ਲਿਆ ਗਿਆ। ਮੇਲਾ, ਨਿਹਾਲੀ ਦਾ ਘਰ, ਮੱਘਰ ਦੀ ਹਵੇਲੀ ਤੇ ਮਾੜੂ ਦਾ ਵਿਹੜਾ ਆਦਿਕ ਹੋਰ ਸਪੱਸ਼ਟਤਾ ਨਾਲ ਵਿਖਾਉਣ ਲਈ, ਐਕਟ ਦੇ ਅੰਤ ਤੇ ਮੰਚ ਰੂਪ-ਰੇਖਾ ਬਦਲਕੇ ਨਾਟਕ ਦਾ ਪ੍ਰਭਾਵ ਹੋਰ ਵਧ ਸਕਦਾ ਸੀ।

ਨਿਰਦੇਸ਼ਨ ਦੇ ਹੋਰ ਪੱਖਾਂ ਵੱਲ ਆਇਆਂ, ਮੱਘਰ ਦਾ ਬਹੁਤੇ ਸਾਹਮਣੇ ਹੱਥ 'ਚ ਬੰਦੂਕ ਫੜਕੇ ਸ਼ੇਰੇ ਤੇ ਕਿਰਪੇ ਨੂੰ ਹਾਕਾਂ ਮਾਰਨਾ, ਡੋਲੀ ਦਾ ਸੀਨ, ਸ਼ੀਰੂ ਦੇ ਲਿਆਂਦੇ ਸ਼ਰਾਬ-ਘੜੇ ਦਾ ਨਾਟਕ ਦੇ ਅੰਤ ਤੱਕ ਮੰਚ ਤੇ ਪਏ ਰਹਿਣਾ, ਨੀਨਾ ਟਿਵਾਣਾ ਵੱਲੋਂ 'ਸਾਰਾ ਵੈਨਕੋਵਰ ਹੀ ਮੌਤ ਮਰ ਜਾਏ' ਵਰਗੇ ਸਸਤੇ ਵਾਰਤਾਲਾਪ ਦੀ ਵਰਤੋਂ ਆਦਿਕ ਨਿੱਕੀਆਂ ਨਿੱਕੀਆਂ ਕਮਜ਼ੋਰੀਆਂ ਨਿਰਦੇਸ਼ਨ ਦੇ ਬਾਕੀ ਸਲਾਹੁਣ ਯੋਗ ਪੱਧਰ ਨੂੰ ਕਾਇਮ ਨਹੀਂ ਰੱਖ ਸਕੀਆਂ।

ਸਮੁੱਚੇ ਤੌਰ ਤੇ ਸਲਾਹੁਣਯੋਗ ਪੇਸ਼ਕਾਰੀ ਨੂੰ ਜਿਵੇਂ ਕਬੂਲਿਆ ਤੇ ਸਰਾਹਿਆ ਉਸ ਲਈ ਡਾਇਰੈਕਟਰ ਹਰਪਾਲ ਟਿਵਾਣਾ ਤੇ ਪ੍ਰੋਡਕਸ਼ਨ ਮੈਨੇਜਰ ਜੋਗ ਰਾਜ ਸੋਢੀ ਮਿਹਨਤ ਵਧਾਈ ਦਾ ਪੂਰਾ ਪੂਰਾ ਹੱਕ ਰਖਦੇ ਹੈਂ।



1. ਰਣਜੀਤ ਚੀਮਾ (ਤਾਰੋ) ਤੇ ਮੋਹਨ ਬੱਗਨ (ਬਚਨ)

2. ਹਰਪਾਲ ਟਿਵਾਣਾ (ਮੱਘਰ), ਨੀਨਾ ਟਿਵਾਣਾ (ਤਾਬਾਂ) ਤੇ ਜੋਗ ਰਾਜ (ਸ਼ੀਰੂ)



3. ਗੁਰਦੀਪ ਗਰੇਵਾਲ (ਮਾੜੂ), ਸੁਰਿੰਦਰ ਪੰਜਾਬ (ਨਾਰਾਇਣਾ)



## 2. ਯੂਸਫ਼ ਆਜ਼ਾਦ ਕਵਾਲ

ਯੂਸਫ਼ ਆਜ਼ਾਦ ਕਵਾਲ ਤੇ ਉਨ੍ਹਾਂ ਦੀ ਪਾਰਟੀ: ਰਸ਼ੀਦਾ ਖ਼ਾਤੂਨ (ਗਾਇਕਾ), ਤਾਲਿਬ ਹੁਸੈਨ ਵਾਰਸੀ (ਗਾਇਕ) ਤੇ ਸਾਜ਼ਿੰਦੇ – ਮੱਮੀ ਬੱਚੂ (ਮਿਊਜ਼ਕ ਡਾਇਰੈਕਟਰ), ਬੈਂਜੋ ਮਾਸਟਰ ਇਬਰਾਹੀਮ, ਕਲੈਰੀਨਟ ਮਾਸਟਰ ਰੁਸਤਮ, ਤਬਲਾ ਮਾਸਟਰ ਮੋਤੀ ਰਾਮ ਤੇ ਢੋਲਕ ਮਾਸਟਰ ਦਾਊਦ – ਨੇ ਆਪਣਾ ਪ੍ਰੋਗਰਾਮ 5 ਜਨਵਰੀ 74 ਨੂੰ ਕੁਈਨ ਐਲਿਜ਼ਬੈੱਥ ਥੀਏਟਰ ਵਿੱਚ ਪੇਸ਼ ਕੀਤਾ।

ਉਰਦੂ ਸ਼ਾਇਰੀ ਦੇ ਮਨੋਹਰ ਨਮੂਨੇ ਪੇਸ਼ ਕੀਤੇ ਗਏ। 'ਦਮਾ ਦਮ ਮਸਤ ਕਲੰਦਰ' ਅਤੇ 'ਤੂੰ ਕਿਆ ਥੀ ਔਰ ਕਿਆ ਹੋ ਗਈ' ਦੇ ਪੇਸ਼ਕਸ਼ ਨੇ ਸਰੋਤਿਆਂ ਨੂੰ ਪ੍ਰਭਾਵਤ ਕੀਤਾ। ਉਰਦੂ ਦੇ ਸ਼ੇਅਰਾਂ ਨਾਲ ਯੂਸਫ਼, ਰਸ਼ੀਦਾ ਤੇ ਤਾਲਿਬ ਜੀ ਸਟੇਜ ਨੂੰ ਬੰਨ੍ਹਣ ਵਿੱਚ ਸਫਲ ਰਹੇ। ਸਰੋਤਿਆਂ ਦੀ ਆਸ ਮੁਤਾਬਕ ਸਾਰੇ ਗਰੁੱਪ ਦੀ ਇੱਕਠੀ PARTICIPATION ਨਾਲ ਕੋਈ ਜਾਦੂਗਰੀ ਕਵਾਲੀ ਨਹੀਂ ਪੇਸ਼ ਕੀਤੀ ਗਈ। ਸਾਜ਼ਿੰਦੇ ਸਾਰੇ ਹੀ ਸੰਗੀਤਕ ਮਾਹਰ ਸਨ; ਖ਼ਾਸ ਕਰਕੇ ਇਬਰਾਹੀਮ ਤੇ ਮੋਤੀ ਰਾਮ ਵਾਰ ਵਾਰ ਧਿਆਨ ਖਿੱਚਦੇ ਰਹੇ।

---

ਕੈਨੇਡਾ ਦੇ ਨਾਵਲਕਾਰ
ਸ੍ਰ: ਕੇਸਰ ਸਿੰਘ ਦੇ ਪ੍ਰਸਿੱਧ ਨਾਵਲ:

ਲਹਿਰ ਵਧਦੀ ਗਈ
ਜੰਗੀ ਕੈਦੀ
ਸ਼ਹੀਦ ਊਧਮ ਸਿੰਘ
ਬਾਬਾ ਉਸਮਾਨ (ਛਪ ਰਿਹਾ)

ਮਿਲਣ ਦਾ ਪਤਾ:
ਸ੍ਰ: ਕੇਸਰ ਸਿੰਘ
P.O. BOX 9, ONOWAY, ALBERTA.

ਇਕ ਹਿੰਦੀ ਵਿਅੰਗ ਕਹਾਣੀ

# ਮਰਿਆ ਫਕੀਰ ਨੌਂ ਲਖ ਦਾ

ਵਿਨਾਇਕ

('ਨਵਾਂ ਸਾਹਿਤ' ਦਿੱਲੀ ਦੇ ਸਹਿਯੋਗ ਨਾਲ)

ਇਕ ਭਿਖਾਰੀ ਰਾਤ ਠੰਡ ਨਾਲ ਸੁਕੜ ਕੇ ਮਰ ਗਿਆ। ਕੀ ਪਤਾ ਹਿੰਦੂ ਸੀ ਜਾਂ ਮੁਸਲਮਾਨ, ਕੋਈ ਨਹੀਂ ਜਾਣਦਾ। ਜਦ ਲਾਸ਼ ਦੁਪਹਿਰ ਤਕ ਪਈ ਰਹੀ ਤਾਂ 'ਲੋਕ ਓੜਾਕਾ ਦਲ' ਤੇ ਕਾਰਪੋਰੇਸ਼ਨ ਦੇ ਸਫਾਈ ਦਲ ਨੂੰ ਫੋਨ ਤੇ ਫੋਨ ਖੜਕਣ ਲਗੇ। ਇਕ ਗਸ਼ਤੀ-ਸਿਪਾਹੀ ਓਧਰੋਂ ਲੰਘਿਆ ਤਾਂ ਉਸਨੇ ਲੋਕਾਂ ਨੂੰ ਕਹਿਣਾ ਸ਼ੁਰੂ ਕੀਤਾ—"ਤੁਹਾਡੇ ਮਹੱਲੇ ਵਿਚ ਆਦਮੀ ਮਰਿਆ ਪਿਆ ਹੈ, ਤੁਸਾਂ ਲੋਕਾ ਨੂੰ ਚਾਹੀਦਾ ਏ ਕਿ ਮਿਲ ਜੁਲ ਕੇ ਉਹਦੀ ਲਾਸ਼ ਫੂਕ ਦਿਓ।' ਸਿਪਾਹੀ ਦੀ ਗੱਲ ਸੁਣ ਕੇ ਲੋਕਾਂ ਨੇ ਬਹੁਤ ਬੁਰਾ ਮਨਾਇਆ—"ਆਖਰ ਤੁਸੀਂ ਲੋਕ ਕਿਹੜੇ ਰੋਗ ਦੀ ਦਾਰੂ ਹੋ, ਅਤੇ ਸਰਕਾਰ ਕਿਸ ਮਰਜ਼ ਦੀ ਦਵਾ ਹੈ ?"

ਪਾਨ ਦੀ ਦੁਕਾਨ ਤੇ ਦੋ ਲਫੰਗੇ ਬੈਠੇ ਸਿਗਰਟ ਫੂਕ ਰਹੇ ਸਨ ਅਤੇ ਆਉਣ ਜਾਣ ਵਾਲੀਆਂ ਲੜਕੀਆਂ ਉਤੇ ਭੱਦੇ ਰਿਮਾਰਕ ਕੱਸ ਰਹੇ ਸਨ। ਉਹਨਾਂ ਨੇ ਪੰਜ ਸੱਤ ਲੋਕਾਂ ਨੂੰ ਪੁਲਸ ਵਾਲੇ ਨਾਲ ਚਿੱਕ ਚਿੱਕ ਕਰਦੇ ਦੇਖਿਆ ਤਾ ਆ ਕੇ ਉਥੇ ਖੜੇ ਹੋ ਗਏ। ਹੁਣ ਪੁਲਸ ਵਾਲਾ ਕੁਝ ਚੰਦਾ ਇਕੱਠਾ ਕਰਨ ਦੀ ਗੱਲ ਕਰ ਰਿਹਾ ਸੀ। ਦੋਹਾਂ ਨੌਜਵਾਨਾਂ ਨੇ ਅੱਖਾਂ ਹੀ ਅੱਖਾਂ ਵਿਚ ਇਸ਼ਾਰੇ ਨਾਲ ਇਕ ਦੂਜੇ ਨੂੰ ਕੁਝ ਕ੍ਰਿਹਾ ਤੇ ਫਿਰ ਭੀੜ ਵਿਚ ਘੁਸ ਕੇ ਚਿੱਲਾਉਣ ਲਗੇ, "ਅਸਾਂ ਲੋਕਾਂ ਨੂੰ ਜ਼ਰੂਰ ਸ਼ਰਮ ਆਉਣੀ ਚਾਹੀਦੀ ਏ। ਸਿਪਾਹੀ ਜੀ ਠੀਕ ਕਹਿ ਰਹੇ ਨੇ। ਏਸ ਇਨਸਾਨ ਦੀ ਲਾਸ਼ ਨੂੰ ਸਾਨੂੰ ਆਪਣੇ ਮੋਢਿਆਂ ਤੇ ਉਠਾ ਕੇ ਸ਼ਮਸ਼ਾਨ-ਭੂਮੀ ਲੈ ਜਾਣਾ ਚਾਹੀਦੈ।"

ਸਾਰੇ ਮਹੱਲੇ ਵਿਚ ਰਾਤ ਭਰ ਚੰਦਾ ਇਕੱਠਾ ਹੁੰਦਾ ਰਿਹਾ। ਦੋਹਾਂ ਨੌਜਵਾਨਾਂ ਨੇ ਇਕ ਸੌ ਤੀਹ ਰੁਪਏ ਇਕੱਠੇ ਕੀਤੇ। ਰਾਤ ਦੇ ਹਨੇਰੇ ਵਿਚ ਡੇਢ ਡੇਢ ਰੁਪਏ ਦੇ ਚਾਰ ਮਜ਼ਦੂਰਾਂ ਨੇ ਮਾਰਕੀਨ ਵਿਚ ਲਪੇਟੀ ਲਾਸ਼ ਨੂੰ ਸ਼ਮਸ਼ਾਨ-ਭੂਮੀ ਵਿਚ ਪਹੁੰਚਾ ਦਿਤਾ। ਉਥੇ ਇਕ ਲਾਵਾਰਸ-ਜਹੀ ਚਿਤਾ ਜਲ-ਬੁਝ ਕਰ ਰਹੀ ਸੀ, ਦੋਹਾਂ ਨੌਜਵਾਨਾਂ ਨੇ ਉਹਦੇ ਵਿਚੋਂ ਕੁਝ ਲਕੜੀਆਂ ਚੁਰਾਈਆਂ। ਨਵੇਂ ਮੁਰਦੇ ਨੂੰ ਉਹਨਾਂ ਉਤੇ ਲਿਟਾ ਕੇ ਜਲਾ ਦਿਤਾ। ਫੇਰ ਬਾਕੀ ਬਚੇ ਰੁਪਏ ਆਪੋ ਵਿਚ ਵੰਡ ਲਏ ਗਏ। ਹਰ ਇਕ ਦੇ ਹਿੱਸੇ ਸਾਢੇ ਬਵੰਜਾ ਰੁਪਏ ਆਏ। ਰੁਪਏ ਸੰਭਾਲਦੇ ਹੋਏ ਇਕ ਨੇ ਦੂਜੇ ਦੀਆਂ ਅੱਖਾਂ ਵਿਚ ਤੱਕਿਆ ਤੇ ਕਿਹਾ—"ਹੁਣ ਕੱਲ੍ਹ ਕੀ ਹੋਵੇਗਾ ?" ਦੂਜੇ ਨੇ ਕੁਝ ਸੋਚਦੇ ਹੋਏ ਜਵਾਬ ਦਿਤਾ—"ਹੋ ਸਕਦਾ ਏ, ਪਰ ਕੁਝ ਹੋਰ ਖਰਚ ਕਰਨਾ ਪਵੇਗਾ।"

ਦੂਜੇ ਦਿਨ ਸਾਰੇ ਮਹੱਲੇ ਵਿਚ ਲਾਊਡ ਸਪੀਕਰ ਲਾ ਕੇ ਇਹ ਐਲਾਨ ਕੀਤਾ ਜਾ ਰਿਹਾ ਸੀ—'ਕਲ੍ਹ ਦੇ ਫਕੀਰ ਦੀ ਛਾਤੀ ਉਤੇ ਲਿਖਿਆ ਹੋਇਆ ਸੀ 'ਰਾਮ ਰਹੀਮ' ਤੇ ਰਾਤ ਸੁਫਨੇ ਵਿਚ ਆ ਕੇ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸਮਾਧੀ-ਮਜ਼ਾਰ ਜਿਥੇ

ਉਹ ਮਰੇ ਨੇ—ਉਥੇ ਹੀ ਬਣਾ ਦਿਤੀ ਜਾਵੇ ਤੇ ਉਹਨਾਂ ਦੇ ਫੁਲ ਤੇ ਰਾਖ ਆਦਿ ਮਿੱਟੀ ਵਿਚ ਦਬਾ ਦਿਤੀ ਜਾਵੇ। ਤੇ ਉਹਨਾਂ ਦੀ ਸਮਾਧੀ-ਮਜ਼ਾਰ ਤੇ ਲਿਖ ਦਿਤਾ ਜਾਵੇ— "ਰਾਮ ਰਹੀਮ !"

ਸ਼ਾਮ ਨੂੰ ਹਿੰਦੂ ਮੁਸਲਮਾਨਾਂ ਵਿਚ ਕੁਝ ਨਾ ਇਤਫਾਕੀ ਹੋਣ ਲਗੀ। ਹਿੰਦੂ ਕਹਿੰਦੇ —"ਉਹ ਭਿਖਾਰੀ 'ਸੰਤ' ਸਨ, ਉਨ੍ਹਾਂ ਦੀ ਸਮਾਧੀ ਬਣੇਗੀ।" ਪਰ ਮੁਸਲਮਾਨ ਕਹਿੰਦੇ— "ਉਹ ਪਹੁੰਚੇ ਹੋਏ ਫਕੀਰ ਸਨ, ਉਨ੍ਹਾਂ ਦਾ 'ਮਜ਼ਾਰ' ਬਣੇਗਾ।"

ਫੈਸਲਾ ਕਰਨ ਲਈ ਇਕ ਮੀਟਿੰਗ ਬੁਲਾਈ ਗਈ। ਜਦ ਮੀਟਿੰਗ ਵਿਚ ਦੋਹਾਂ ਧਿਰਾਂ ਵਲੋਂ ਕਾਫੀ "ਤੂੰ ਤੂੰ-ਮੈਂ ਮੈਂ" ਹੋ ਚੁਕੀ ਤਾਂ ਦੋਹਾਂ ਨੌਜਵਾਨਾਂ ਨੇ ਭੀੜ ਨੂੰ ਇਉਂ ਸੰਬੋਧਨ ਕੀਤਾ—"ਫਕੀਰ ਤੇ ਸੰਤ ਇਨਸਾਨ ਦੇ ਦਿਲਾਂ ਵਿਚ ਮੁਹੱਬਤ ਪੈਦਾ ਕਰਨ ਲਈ ਆਇਆ ਕਰਦੇ ਨੇ, ਨਫਰਤ ਨਹੀਂ ! ਉਹ ਨਾ ਤੇ ਸਿਰਫ 'ਰਾਮ' ਸੀ ਤੇ ਨਾ ਹੀ ਸਿਰਫ ਰਹੀਮ। ਉਹ ਦੋਹਾਂ ਦਾ ਜੋੜ ਸੀ, ਰਾਮ-ਰਹੀਮ। ਕਿਸੇ ਇਕ ਕੌਮ ਜਾਂ ਮਜ਼ਹਬ ਦਾ ਨਹੀਂ। ਉਹ ਸਿਰਫ ਇਨਸਾਨ ਦਾ ਨੁਮਾਇੰਦਾ ਸੀ। ਸਭ ਦਾ ਉਸ ਉਤੇ ਹੱਕ ਹੈ। ਅਸੀਂ ਸਾਰੇ ਮਿਲ ਕੇ ਉਸਦੀ ਮਜ਼ਾਰ ਜਾਂ ਸਮਾਧੀ, ਤੁਸੀਂ ਲੋਕ ਜੋ ਵੀ ਉਸਨੂੰ ਨਾਮ ਦੇਣਾ ਚਾਹੋ—ਬਣਾਵਾਂਗੇ।"

ਫਕੀਰ 'ਰਾਮ ਰਹੀਮ" ਸੀ। ਲੋਕਾਂ ਤੇ ਇਸ ਗਲ ਦਾ ਅਸਰ ਜਾਦੂ ਵਾਂਗ ਹੋਇਆ। ਦੋਹਾਂ ਨੌਜਵਾਨਾਂ ਨੇ ਮਹੱਲੇ ਮਹੱਲੇ ਘੁੰਮ ਫਿਰ ਕੇ ਤਿੰਨ ਹਜ਼ਾਰ ਤੇ ਕੁਝ ਸੌ ਰੁਪਏ ਦੀ ਰਕਮ ਕਠੀ ਕਰ ਲਈ। ਦੋ ਸੌ ਪੰਜਾਹ ਰੁਪਏ ਤਾਂ ਰਿਕਸ਼ਾ ਤੇ ਲਾਊਡ ਸਪੀਕਰ ਦਾ ਬਿੱਲ ਹੋ ਗਿਆ। ਇਕ ਹਜ਼ਾਰ ਵਿਚ 'ਸਮਾਧੀ-ਮਜ਼ਾਰ' ਬਣੀ। ਬਾਕੀ ਪੈਸੇ ਦੋਹਾਂ ਨੇ ਵੰਡ ਲਏ।

ਪਹਿਲਾਂ ਵਾਲੇ ਨੌਜਵਾਨ ਨੇ ਜੇਬਾਂ ਵਿਚ ਨੋਟ ਤੁਸਦੇ ਹੋਏ ਪੁਛਿਆ—"ਹੁਣ ?" ਦੂਜੇ ਨੇ ਮੁਸਕਰਾ ਕੇ ਆਖਿਆ, "ਹੁਣ, ਹੁਣ ਦੇਖਦੇ ਜਾਓ !"

ਭਿਖਾਰੀ, ਜਨਵਰੀ ਦੇ ਦੂਜੇ ਐਤਵਾਰ ਨੂੰ ਮਰਿਆ ਸੀ। ਮਾਰਚ ਮਹੀਨੇ ਦੇ ਅਰੰਭ ਵਿਚ ਹੀ ਕਿਰਾਏ ਦੇ ਦੋ ਆਦਮੀ ਲਾਊਡ ਸਪੀਕਰ ਤੇ ਇਹ ਐਲਾਨ ਕਰ ਰਹੇ ਸਨ—"ਮਜ਼ਾਰ-ਸਮਾਧੀ" ਤੇ ਹਰ ਮਹੀਨੇ ਦੇ ਦੂਜੇ ਐਤਵਾਰ (ਕਿਉਂਕਿ ਫਕੀਰ ਮਹੀਨੇ ਦੇ ਦੂਜੇ ਐਤਵਾਰ ਹੀ ਮਰਿਆ ਸੀ) ਜਨਾਬ ਫਲਾਣਾ ਤੇ ਸ੍ਰੀ ਮਾਨ ਫਲਾਣਾ ਲੋਕਾਂ ਨੂੰ ਦੁਆ ਦੇਣਗੇ। ਉਹਨਾਂ ਦੀ ਦੁਆ ਵਿਚ, ਸੰਤ-ਫਕੀਰ ਰਾਮ-ਰਹੀਮ ਦੀ ਦੁਆ ਹੋਵੇਗੀ।"

ਇਸ ਤਰ੍ਹਾਂ ਹਰ ਮਹੀਨੇ ਦੇ ਦੂਜੇ ਐਤਵਾਰ ਨੂੰ ਮਜ਼ਾਰ-ਸਮਾਧੀ ਤੇ ਬੜਾ ਭਾਰੀ ਮੇਲਾ ਲਗਣ ਲਗਾ। ਇਕ ਵਾਰਸ਼ਕ ਮੇਲਾ ਵੀ ਹੁੰਦਾ। ਸੰਤ ਫਕੀਰ ਲੋਕਾਂ ਨੂੰ ਦੁਆ ਤੇ ਅਸ਼ੀਰਵਾਦ ਦੇਣ ਲਗੇ, ਜਿਸ ਨਾਲ ਅਮੀਰਾਂ ਤੇ ਗਰੀਬਾਂ ਦੇ ਪਤਾ ਨਹੀਂ ਕਿੰਨੇ ਦੁਖ ਦਰਦ ਦੂਰ ਹੋਣ ਲਗੇ।

ਮੇਲੇ ਦਾ ਜ਼ੋਰ ਹਰ ਸਾਲ ਵਧਦਾ ਹੀ ਗਿਆ। ਫਿਰ ਤਾਂ ਸਾਲਾਨਾ-ਮੇਲੇ ਵੇਲੇ ਦੁਕਾਨਾਂ ਪਹਿਲਾਂ ਤੋਂ ਹੀ ਰੀਜ਼ਰਵ ਕਰਵਾਉਣੀਆਂ ਪੈਂਦੀਆਂ। ਦੂਰੋਂ ਦੂਰੋਂ ਲੋਕ ਆਪਣੇ ਕਸ਼ਟ ਦੂਰ ਕਰਵਾਉਣ ਆਉਂਦੇ ਤੇ ਦੁਆਵਾਂ ਲੈ ਕੇ ਚਲੇ ਜਾਂਦੇ। ਇਹ ਸਾਲਾਨਾ-ਮੇਲਾ ਹਫਤੇ ਭਰ ਤਕ ਚਲਦਾ। ਪਹਿਲਾਂ ਤਾਂ ਮੇਲੇ ਦੀ ਇਕ ਸਾਧਾਰਨ ਜਹੀ ਕਮੇਟੀ ਬਣੀ, ਪਰ ਪਿਛੋਂ ਜਦ ਚੜ੍ਹਾਵੇ ਦੀ ਆਮਦਨੀ ਪੰਜਾਹ ਹਜ਼ਾਰ ਹੋਣ ਲਗੀ ਤਾਂ ਇਕ ਟਰੱਸਟ ਬਣ ਗਿਆ। ਉਹ ਲੋਕ—ਭਲਾਈ ਦੇ ਕੰਮਾਂ ਵਿਚ ਧਨ ਲਾਉਂਦੇ। ਇਕ ਸਕੂਲ ਤੇ ਇਕ ਖਰਾਇਤੀ-ਡਿਸਪੈਂਸਰੀ ਵੀ ਖੋਲ੍ਹੀ ਗਈ। ਮਹੀਨੇ ਦੇ ਹਰ ਦੂਜੇ ਐਤਵਾਰ ਨੂੰ ਗਰੀਬਾਂ ਨੂੰ ਮੁਫਤ ਭੋਜਨ ਛਕਾਇਆ ਜਾਂਦਾ।

ਇਕ ਹਫਤੇ ਦਾ ਸਾਲਾਨਾ ਮੇਲਾ ਜਦੋਂ ਖਤਮ ਹੁੰਦਾ ਤਾਂ 'ਦੋਵੇਂ ਸੰਤ-ਫਕੀਰ" ਰੇਲ ਦੇ ਫਸਟ ਕਲਾਸ ਡੱਬੇ ਵਿਚ ਬੈਠਕੇ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚ ਕੇ ਲੋਕਾਂ ਨੂੰ ਦਰਸ਼ਨ ਦੇ ਦੇ ਕੇ ਨਿਹਾਲ ਕਰਦੇ ਤੇ ਉਹਨਾਂ ਦੇ ਦੁੱਖਾਂ ਦਾ ਕਲਿਆਣ ਕਰਦੇ।

ਭਿਖਾਰੀ ਨੂੰ ਮਰਿਆਂ ਇਕ ਅਰਸਾ ਹੋ ਚੁਕਿਆ ਸੀ। ਦੋਹਾਂ ਸੰਤ-ਫਕੀਰਾਂ ਦੇ ਹੁਣ ਬੜੇ ਲੰਬੇ ਵਾਲ ਤੇ ਖਿਚੜੀ ਦਾਹੜੀਆਂ ਸਨ। ਉਸ ਦਿਨ ਸਾਲ ਦਾ ਮੇਲਾ ਖਤਮ ਹੋ ਚੁਕਿਆ ਸੀ, ਤੇ ਕੁਝ ਪਤ੍ਰਕਾਰ ਬੈਠੇ ਦੋਹਾਂ ਬਜ਼ੁਰਗਾਂ ਦਾ ਇੰਟਰਵਿਊ ਲੈ ਰਹੇ ਸਨ। ਉਹ ਸੰਤ-ਫਕੀਰ ਉਹਨਾਂ ਨੂੰ ਦਸ ਰਹੇ ਸਨ ਕਿ ਕਿਵੇਂ ਫਕੀਰ ਰਹੀਮ ਦੀ ਅਰਥੀ ਨੂੰ ਉਹ ਆਪਣੇ ਮੋਢਿਆਂ ਤੇ ਚੁਕ ਕੇ ਜਦੋਂ ਲੈ ਜਾ ਰਹੇ ਸਨ ਤਾਂ ਫਕੀਰ ਗਾਇਬ ਹੋ ਗਏ ਸਨ। ਰਾਤ ਨੂੰ ਹਨੇਰੇ ਵਿਚ ਸਿਰਫ ਉਹਨਾਂ ਨੂੰ ਰਾਮ ਰਹੀਮ ਦੀ ਅਵਾਜ਼ ਸੁਣਾਈ ਦਿਤੀ ਸੀ।

ਇਕ ਪਤ੍ਰਕਾਰ ਨੇ ਪੁਛਿਆ "ਤੁਹਾਡੇ ਪਿਛੋਂ ਇਸ ਪਵਿਤ੍ਰ-ਅਸਥਾਨ ਤੇ ਲੋਕਾਂ ਨੂੰ ਦੁਆ ਦੇਣ ਕੌਣ ਆਏਗਾ ?"

ਦੋਵੇਂ ਫਕੀਰ ਬੋਲੇ—"ਅਸੀਂ ਜਿਸਨੂੰ ਇਸ ਯੋਗ ਸਮਝਾਂਗੇ, ਉਹੀ ਸਾਡੀ ਥਾਂ ਲਵੇਗਾ। ਸਾਡੀ ਦੁਆ ਨਾਲ ਉਹਦੀ ਦੁਆ ਵਿਚ ਵੀ ਅਸਰ ਹੋਵੇਗਾ।"

ਐਨ ਉਸੇ ਵੇਲੇ ਉਥੇ ਇਕ ਬੁੱਢਾ ਆਇਆ। ਹਥ ਜੋੜਕੇ ਬੜੇ ਅਦਬ ਨਾਲ ਇਕ ਪਾਸੇ ਖੜਾ ਹੋ ਗਿਆ। ਦੋਹਾਂ ਫਕੀਰਾਂ ਨੇ ਉਹਦੇ ਵਲ ਪ੍ਰਸ਼ਨ-ਸੂਚਕ-ਦ੍ਰਿਸ਼ਟੀ ਨਾਲ ਦੇਖਿਆ। ਅਜਨਬੀ ਬੁਢਾ ਬੜੇ ਧੰਨਵਾਦ ਭਰੇ ਲਹਿਜੇ ਵਿਚ ਆਖਣ ਲਗਾ—"ਹਜ਼ੂਰ ਨੇ ਸਾਨੂੰ ਪਹਿਚਾਣਿਆ ਨਹੀਂ, ਮੈਂ ਉਹੀ ਮਜ਼ਦੂਰ ਹਾਂ ਜੋ ਉਸ ਦਿਨ......।"

ਝਟ ਹੀ ਇਕ ਫਕੀਰ ਨੇ ਮੁਸਕਰਾ ਕੇ ਹਥ ਉਠਾਇਆ। ਉਹਨੂੰ ਆਪਣੇ ਕੋਲ ਬੁਲਾ ਕੇ, ਉਹਦੀ ਪਿਠ ਤੇ ਹਥ ਫੇਰਦੇ ਹੋਏ ਬੋਲਿਆ—"ਤੂ ਫਕੀਰ ਤੋਂ ਜੋ ਚਾਹੇਂ ਮੰਗ ਲੈ।"

ਫਕੀਰ ਦੀ ਮੁਹੱਬਤ ਦੇਖ ਕੇ ਬੁੱਢੇ ਦੀਆਂ ਅੱਖਾਂ ਵਿਚ ਅਥਰੂ ਛਲਕ ਪਏ। ਇਕ ਹਥ ਨਾਲ ਹੰਝੂ ਪੂੰਜਦਾ ਹੋਇਆ ਉਹ ਬੜੇ ਦਯਾ-ਭਾਵ ਨਾਲ ਬੋਲਿਆ :

—"ਬਾਬਾ ! ਅਸੀਂ ਸਚ ਮੁਚ ਪਾਪ ਕੀਤਾ ਹੈ। ਸਾਨੂੰ ਆਪਣੇ ਪਾਪ ਦੀ ਸਜ਼ਾ ਮਿਲ ਗਈ ਹੈ। ਸਾਡਾ ਜਵਾਨ ਲੜਕਾ ਸੀ, ਉਠ ਗਿਆ।" ਕਹਿੰਦੇ ਕਹਿੰਦੇ ਬੁਢਾ ਬਿਲਕ ਪਿਆ। ਕਿਸੇ ਦੇ ਵੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਮਾਮਲਾ ਕੀ ਹੈ ? ਬੁੱਢਾ ਕੁਝ ਸ਼ਾਂਤ ਹੋ ਕੇ ਫਿਰ ਬੋਲਿਆ "ਸਾਨੂੰ ਕੀ ਪਤਾ ਸੀ ਸਰਕਾਰ, ਕਿ ਸਾਡੇ ਮੋਢਿਆਂ ਤੇ ਮਿੱਟੀ ਨਹੀਂ—ਭਗਵਾਨ ਦੀ ਝਾਂਕੀ ਹੈ। ਨਹੀਂ, ਤਾਂ ਅਸੀਂ ਇਕ "ਡਬਲ" ਨਾ ਲੈਂਦੇ !" ਕਹਿੰਦੇ ਕਹਿੰਦੇ ਬੁਢੇ ਨੇ ਇਕ ਮੈਲਾ ਨੋਟ ਤੇ ਇਕ ਅਠਿਆਨੀ ਜੇਬ ਵਿਚੋਂ ਕੱਢੀ ਤੇ ਉਹਨਾਂ ਦੋਹਾਂ ਫਕੀਰਾਂ ਦੇ ਪੈਰਾਂ ਵਿਚ 'ਡੂਢ ਰੁਪਿਆ' ਰਖ ਦਿਤਾ।

[ਪੰਜਾਬੀ ਰੂਪ : ਹਰਭਜਨ ਸਿੰਘ ਮਾਂਗਟ]

ਵਿਸ਼ੇਸ਼ ਵਿਅੰਗ:

# ਫੱਟੀਪੋਚ

ਹਰ ਰਾਸ਼ਟਰੀ, ਅੰਤਰਰਾਸ਼ਟਰੀ, ਦੇਸੀ ਪਰਦੇਸੀ, ਸੱਜਰੇ ਜਾਂ ਬੇਹੇ, ਸਮਾਜਕ, ਰਾਜਨੀਤਕ, ਆਰਥਕ, ਧਾਰਮਕ, ਸਾਹਿੱਤਕ, ਸੱਭਿਆਚਾਰਕ, ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ 'ਉੱਤਰ-ਪ੍ਰਸ਼ਨਾਂ' ਦੀ ਫੱਟੀ ਪੋਚਣਾ ਮੇਰਾ 'ਜਮਾਂਦਰੂ' ਹੱਕ ਹੈ।

– 'ਫੱਟੀਪੋਚ'

(ਸਿੱਧਰਾ ਬੜੇ ਪ੍ਰੇਮ ਨਾਲ ਹੱਥ ਜੋੜੀ 'ਦੇਹ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥' ਅਲਾਪਦਾ ਆਉਂਦਾ ਹੈ)

ਸਿੱਧਰਾ : ਉਸਤਾਦ ਜੀ, ਸਤਿ ਸ੍ਰੀ ਅਕਾਲ! (ਬਿਨਾਂ ਉੱਤਰ ਉਡੀਕੇ ਬੋਲੀ ਜਾਂਦਾ ਹੈ) ਮੈਂ ਜੀ ਤੋਹਨੂੰ ਇਹ ਖ਼ਬਰ ਦੱਸਣੀ ਸੀ ਕਿ ਵੈਨਕੋਵਰ ਦੇ 'ਮੇਰੀਨ ਡਰਾਈਵ' ਵਾਲੇ ਗੁਰਦੁਆਰੇ ਵਿਚ 30.12.73 ਨੂੰ ਤੇ 'ਰੌਸ ਐਵੀਨੀਊ' ਵਾਲੇ ਗੁਰਦੁਆਰੇ ਵਿੱਚ 6.1.74 ਨੂੰ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਸਰਬ-ਸੰਮਤੀ ਨਾਲ ਹੋ ਗਈਆਂ ਹਨ।

ਫੱਟੀਪੋਚ : ਕੀ ਕਿਹੈ? ... ਸਰਬ-ਸੰਮਤੀ ਨਾਲ??

ਸਿੱਧਰਾ : ਹਾਂ ਜੀ, ਸਰਬ-ਸੰਮਤੀ ਨਾਲ - ਇਸ ਵਾਰੀ ਲੜਾਈ ਝਗੜਾ ਨਹੀਂ ਹੋਇਆ।

ਫੱਟੀਪੋਚ : (ਹੱਥ ਜੋੜ ਕੇ) - ਸ਼ੁਕਰ ਹੈ ਰੱਬਾ ਤੇਰੇ ਘਰ ਦਾ, ਸਾਡੀ ਕਮਿਊਨਿਟੀ ਦੇ ਭਾਗਾਂ 'ਚ ਵੀ ਫ਼ਰਕ ਪੈਣ ਲੱਗਿਐ... ਬਈ ਸਿੱਧਰਿਆ, ਅੱਜ ਤਾਂ ਬੱਲੂ ਖ਼ਬਰ ਸੁਣਾਕੇ ਤੈਂ ਰੂਹ ਹੀ ਖ਼ੁਸ਼ ਕਰਤੀ... ਅੱਗੇ ਜਦੋਂ ਸੁਣੀਏ, ਬੱਸ ਧਾਰਮਕ ਹਸਤੇ ਨਿੱਕੇ ਨਿੱਕੇ, ਨਿਕੰਮੇ ਤੇ ਜ਼ਾਤੀ ਮਸਲਿਆਂ ਨੂੰ ਲੈਕੇ ਆਪੋ ਵਿੱਚ ਹੀ ਲੜ ੨ ਮਰੀ ਜਾਂਦੇ ਸੀ।

ਸਿੱਧਰਾ : ਅੱਜ ਤਾਂ ਜੀ ਮੈਨੂੰ ਕੋਈ ਸਿੱਖ-ਇਤਿਹਾਸ 'ਚੋਂ ਕੋਈ ਸਿੱਧੇ ਰਾਹ ਪੈਣ ਵਾਲੀ ਗੱਲ ਦੱਸੋ...

ਫੱਟੀਪੋਚ : ਸਿੱਧਰਿਆ, ਰਾਹ ਤਾਂ ਬੰਦੇ ਨੂੰ ਉਹਦੇ ਆਦਰਸ਼ ਤੇ ਅਸਲ ਹੀ ਪਾਉਂਦੇ ਨੇ... ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਾਕੇ ਖੁੱਲ੍ਹੇ ਮੈਦਾਨ ਵਿੱਚ ਦਰੀਆਂ ਤੇ ਢੇਰੀ ਕਰ ਦਿੱਤੀ ਤੇ ਸਿੱਖਾਂ ਨੂੰ ਚੁਪ ਚਾਪ ਨਜ਼ਾਰਾ ਦੇਖਣ ਲਈ ਕਿਹਾ। ਕੁਝ ਕੁੱਤੇ ਮਹਿਕ ਸੁੰਘਦੇ ਉਥੇ ਆ ਗਏ ਤੇ ਚੁਪ ਚਾਪ ਦੇਗ ਛਕਣ ਦੀ ਥਾਂ ਇਕ ਦੂਜੇ ਨੂੰ ਟੁਟ ਟੁਟ ਪੈਣ ਲੱਗੇ। ਲੜਾਈ ਵਿੱਚ ਸਾਰੀ ਦੇਗ ਹੇਠਾਂ ਮਿੱਟੀ ਵਿੱਚ ਮਿਲ ਗਈ ਤੇ ਕੁੱਤੇ ਅਧਮਰੇ ਤੇ ਲਹੂ ਲੁਹਾਣ ਹੋ ਹੋ ਕੇ ਹੌਂਕਣ ਲੱਗੇ। ਤਦ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ 'ਦੇਖੋ, ਆਪਸੋਂ ਲੜਿਆਂ ਦੇ ਪੱਲੇ ਕੀ ਪੈਂਦਾ ਹੈ! ਏਸੇ ਦੇਗ ਨੂੰ ਸ਼ਾਂਤਮਈ ਢੰਗ ਨਾਲ ਛਕ ਕੇ ਇਹ ਕੁੱਤੇ ਕਿੰਨੀ ਪ੍ਰਸੰਨਤਾ ਹਾਸਲ ਕਰ ਸਕਦੇ ਸਨ।"... ਸਿੱਧਰਿਆ ਏਹੀ ਹਾਲ ਪਿਛਲੇ ਕਈ ਸਾਲਾਂ ਤੋਂ ਸਾਡੀ ਕਮਿਊਨਿਟੀ ਦਾ ਹੋ ਗਿਐ। ਕੋਈ ਸਰਬ-ਸਾਂਝਾ ਹੱਲਾ ਮਾਰਕੇ ਚੰਗਾ ਪ੍ਰਭਾਵ ਪਾਉਣ ਦੀ ਥਾਂ ਅਸੀਂ ਆਪੋ ਵਿਚੀ ਲੜ ਲੜ ਸਾਰੇ ਕੈਨੇਡਾ ਨੂੰ ਤਮਾਸ਼ਾ ਵਿਖੌਂਦੇ ਰਹੇ ਹਾਂ।

ਸਿੱਧਰਾ : ਜੀ ਮੈਂ ਤਾਂ ਸੁਣਿਐ ਬਈ ਗਦਰ ਲਹਿਰ ਦਾ ਆਰੰਭ ਵੀ ਗੁਰਦੁਆਰਿਆਂ 'ਚੋਂ ਹੀ ਹੋਇਆ ਸੀ!

ਫੱਟੀਪੋਚ : ਹਾਂ ਸਿੱਧਰਿਆ, ਉੱਤਰੀ ਅਮਰੀਕਾ ਮਹਾਂਦੀਪ ਦੇ ਗੁਰਦੁਆਰੇ ਸਾਡੇ ਇਤਿਹਾਸ ਦੇ ਬੜੇ ਪੂਜਣ ਯੋਗ ਸਥਾਨ ਨੇ, ਤਾਂਹੀ ਇਨ੍ਹਾਂ ਵਿੱਚ ਹੁਣ ਤਾਈਂ ਏਹੋ ਜਿਹਾ ਮਾਹੌਲ ਦੇਖ ਦੇਖ ਦਿਲ ਸੜਦਾ ਰਿਹੈ!

ਕਮਲਿਆ ਸਿੱਧਰੇ! ਵੀਹਵੀਂ ਸਦੀ ਦੇ ਆਰੰਭ 'ਚ ਰਾਜਨੀਤਕ ਤੇ ਆਰਥਕ ਗ਼ੁਲਾਮੀ ਦੇ ਭੰਨੇ ਹਿੰਦੀ ਜਦੋਂ ਅਮਰੀਕਨ ਦੇਸਾਂ 'ਚ ਆਏ ਤਾਂ ਗੋਰੀਆਂ ਕੌਮਾਂ ਲੱਗੀਆਂ, ਗ਼ੁਲਾਮ ਗ਼ੁਲਾਮ ਕਹਿ ਕਹਿ ਉਨ੍ਹਾਂ ਦੀ ਜਾਨ ਸੁੱਕਣੀ ਪੌਣ! ਸਾਡੇ ਬਜ਼ੁਰਗਾਂ ਨੇ ਸੋਚਿਆ ਬਈ ਮੌਤ ਕਿਤੇ ਐਸ ਜ਼ਿੰਦਗੀ ਤੋਂ ਘਟੀ ਖ਼ਤਰਨਾਕ ਹੋਊ? ਚਲੋ, ਜੇ ਮਰਨਾ ਈ ਆ ਤਾਂ ਦੇਸ਼ ਜਾਕੇ ਲੜਕੇ ਮਰੋ ਆਜ਼ਾਦੀ ਦੀ ਖ਼ਾਤਰ!

ਫੇਰ ਸਿੱਧਰਿਆ! ਬਾਬਾ ਭਕਨਾ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ ਹੋਰਾਂ ਨੇ ਇਨ੍ਹਾਂ ਗੁਰਦੁਆਰਿਆਂ 'ਚ ਹੀ ਭਾਰਤੀਆਂ ਨੂੰ ਜਥੇਬੰਦ ਕਰਨ ਦਾ ਬੀੜਾ ਚੁੱਕਿਆ - ਜੇ ਵਿੱਚੋਂ ਕੁਝ ਕੁੱਤੇ ਬੇਈਮਾਨੀ ਨਾ ਕਰਦੇ ਉਨ੍ਹਾਂ ਨੇ ਦੇਸ਼ ਜਾਣ ਸਾਰ ਗੋਰਿਆਂ ਦੀ ਫੱਟੀ ਪੋਚਕੇ ਰੱਖ ਦੇਣੀ ਸੀ। ਫਿਰ ਹੋਏ ਕਿ ਨਾ ਸਿੱਧਰਿਆ ਇਹ ਗੁਰਦੁਆਰੇ ਸਾਡੇ ਇਤਿਹਾਸਕ ਤੌਰ ਤੇ ਪੂਜਣ ਯੋਗ ਸਥਾਨ?

ਸਿੱਧਰਾ : ਜੀ ਇੱਕ ਵਾਰ ਤੁਸੀਂ ਅਕਾਲੀ ਫੂਲਾ ਸਿੰਘ ਦੀ ਵੀ ਕੋਈ ਗੱਲ ਸੁਣਾਈ ਸੀ।

ਫੱਟੀਪੋਚ: ਹਾਂ! ਇਕ ਵੇਰ ਮਹਾਰਾਜਾ ਰਣਜੀਤ ਸਿੰਘ ਤੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਹੋ ਗਈ ਤਾਂ ਉਦੋਂ ਅਕਾਲ ਤਖ਼ਤ ਦੇ ਜਥੇਦਾਰ, ਅਕਾਲੀ ਫੂਲਾ ਸਿੰਘ ਨੇ ਕੜਕ ਕੇ ਕਿਹਾ ਕਿ 'ਕਾਣੇ ਦੇ ਇਕਲੀ

(ਬਾਕੀ ਸਫ਼ਾ 14 ਤੇ)

## ਇਸ ਅੰਕ ਦਾ ਨਾਵਲ

# ਵਾਟ ਹਮਾਰੀ

(ਡਾ: ਦਲੀਪ ਕੌਰ ਟਿਵਾਣਾ)

ਨਾਵਲਕਾਰ ਤੇ ਕਹਾਣੀਕਾਰ ਡਾ: ਟਿਵਾਣਾ ਨੇ ਹੁਣ ਤੱਕ 'ਅਗਨੀ ਪ੍ਰੀਖਿਆ', 'ਵਾਟ ਹਮਾਰੀ', 'ਸੂਰਜ ਤੇ ਸਮੁੰਦਰ', 'ਏਹੋ ਹਮਾਰਾ ਜੀਵਣਾ' ਆਦਿ ਨਾਵਲ ਪੰਜਾਬੀ-ਸਾਹਿੱਤ ਨੂੰ ਦਿੱਤੇ ਹਨ ਤੇ 'ਏਹੋ ਹਮਾਰਾ ਜੀਵਣਾ' ਲਈ ਸਾਹਿਤ-ਅਕਾਦਮੀ ਪੁਰਸਕਾਰ ਵੀ ਜਿੱਤ ਚੁੱਕੀ ਹੈ।

'ਵਾਟ ਹਮਾਰੀ' ਵਿਚ ਉਸਨੇ ਇਕ ਮਧਵਰਗੀ-ਪਰਵਾਰ ਦਾ ਜੀਵਨ-ਚਰਿੱਤਰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ ਤੇ ਸ਼ਹਿਰੀ-ਜੀਵਨ ਦੀ ਫੈਸ਼ਨ-ਪਰਸਤੀ, ਸੋਚ-ਹੀਣਤਾ ਤੇ ਨੌਕਰਾਂ ਵੱਲ ਗ਼ੈਰ-ਮਨੁੱਖੀ ਰਵੱਈਏ ਤੋਂ ਪਰਦਾ ਹਟਾਇਆ ਹੈ। ਉਸਨੇ ਮਿਹਨਤ ਦੀ ਗੋਦੀ 'ਚ ਪਲ ਰਹੇ ਅਛੂਤੇ ਤਿੱਖੇ ਪੇਂਡੂ-ਜੀਵਨ ਨੂੰ ਸ਼ਹਿਰੀ ਜੀਵਨ ਦੀ ਇਕੱਲਤਾ ਤੇ ਨਿਰਾਰਥਕਤਾ ਤੋਂ ਉਭਾਰਿਆ ਹੈ। ਯੂ. ਪੀ. ਦਾ ਭਈਆ ਜੀਤੂ, ਜਿਸਨੂੰ ਟਿਵਾਣਾ ਨੇ ਖ਼ਾਸ ਗੰਭੀਰਤਾ ਨਾਲ ਚਿਤਰਿਆ ਹੈ, ਇਸ ਨਾਵਲ ਦਾ ਹੀਰੋ ਹੋ ਨਿੱਬੜਦਾ ਹੈ।

ਵਿਤੋਂ ਵੱਧ ਕੰਮ ਕਰਦਾ; ਜਿਹੜੇ ਉਸਨੂੰ ਕੁਝ ਨਹੀਂ ਸਮਝਦੇ ਉਨ੍ਹਾਂ ਨੂੰ ਸਭ ਕੁਝ ਸਮਝਦਾ; ਠੋਕਰਾਂ ਅਤੇ ਠੇਕੇਦਾਰਾਂ ਦੀਆਂ ਝਿੜਕਾਂ ਸਹਿੰਦਾ, ਜੇਲ ਕਟਦਾ, ਵਿਆਹ ਦੀ ਹਸਰਤ ਲਈ ਜਿਉਂਦਾ ਤੇ ਤਪਦਿਕ ਨਾਲ ਮਰਦਾ ਜੀਤੂ ਚਿਤਰਕੇ ਡਾ: ਟਿਵਾਣਾ ਨੇ ਪੰਜਾਬੀ ਨਾਵਲ ਨੂੰ ਪਹਿਲੀ ਵਾਰ ਮਹਿਸੂਸ ਕਰਵਾਇਆ ਹੈ ਕਿ 'ਭੱਈਏ' ਪੰਜਾਬ ਦੇ ਸਮਾਜਕ ਤੇ ਆਰਥਕ ਜੀਵਨ ਦਾ ਅਟੁੱਟ ਅੰਗ ਹਨ!

ਹਥਲੇ ਅੰਕ 'ਚ ਦਿੱਤੇ ਗਏ 'ਵਾਟ ਹਮਾਰੀ' ਦੇ ਕਾਂਡ 21 ਵਿਚ ਪਿੰਡ ਵਸਦੀ ਐਮ.ਏ. ਪਾਸ ਨਾਇਕਾ ਕੰਵਲ, ਸਿਰਫ ਆਪਣੀ ਛੋਟੀ ਭੈਣ ਸਾਹਮਣੇ ਮੌਨ ਰਹਿਕੇ ਖ਼ੁਸ਼ੀ ਦਾ ਇਕ ਨਵਾਂ ਸੰਕਲਪ ਪੇਸ਼ ਕਰਦੀ ਹੈ।

(ਸੰਪਾਦਕ)

## ਕਾਂਡ 21

ਇਕ ਦਿਨ ਕਿਰਨ ਤੇ ਉਸ ਦਾ ਘਰ ਵਾਲਾ ਕੰਵਲ ਦੇ ਪਿੰਡ ਗਏ।

ਜਦੋਂ ਉਹ ਪਹੁੰਚੇ ਕੰਵਲ ਛਟੀਆਂ ਦੀ ਅੱਗ ਵਾਲੀ ਲੋਹ ਉਤੇ ਰੋਟੀਆਂ ਲਾਹ ਰਹੀ ਸੀ।

ਪਲ ਦੇ ਪਲ ਲਈ ਪਸੀਨੋ ਪਸੀਨਾ ਹੋਈ ਕੰਵਲ ਨੂੰ ਦੇਖ ਕਿਰਨ ਦੇ ਜੀ ਨੂੰ ਕੁਝ ਹੋਇਆ।

ਜਰਨੈਲ ਦੀ ਧੀ ਜੀਹਨੇ ਕਦੇ ਡੱਕਾ ਦੂਹਰਾ ਨਹੀਂ ਸੀ ਕੀਤਾ ਬੈਠੀ ਸੀਰੀਆਂ ਦੀਆਂ ਰੋਟੀਆਂ ਲਾਹ ਰਹੀ ਸੀ।

"ਓ ਕਿਰਨ ਅੱਜ ਤੇ ਕਮਾਲ ਕਰ ਦਿਤੀ ਤੁਸੀਂ" ਆਖਦੀ ਕੰਵਲ ਉੱਠ ਕੇ ਉਹਨਾਂ ਨੂੰ ਮਿਲੀ।

"ਉਤੇ ਚੁਬਾਰੇ 'ਚ ਬੈਠਣਾ ਐ ਕਿ ਏਥੇ ਈ ?" ਮੰਜੇ ਉੱਤੇ ਵਿਛਾਣ ਲਈ ਨਵੀਂ ਚਤੱਹੀ ਚੁੱਕੀਂ ਆ ਰਹੀ ਕੰਵਲ ਦੀ ਸੱਸ ਨੇ ਕਿਰਨ ਦਾ ਸਿਰ ਪਲੋਸ ਕੇ ਉਸ ਦੇ ਘਰ ਵਾਲੇ ਤੋਂ ਪੁੱਛਿਆ।

"ਇੱਥੇ ਈ ਠੀਕ ਐ ਨਾਲੇ ਦੇਖਦੇ ਆਂ ਬਈ ਐਮ. ਏ. ਪਾਸ ਕਰ ਕੇ ਲੋਕ ਰੋਟੀਆਂ ਕਿਵੇਂ ਪਕਾਉਂਦੇ ਨੇ" ਕਿਰਨ ਦੇ ਘਰ ਵਾਲੇ ਨੇ ਕੰਵਲ ਨੂੰ ਮਜ਼ਾਕ ਕੀਤਾ।

"ਐਮ. ਏ. ਪਾਸ ਲੋਕ ਰੋਟੀ ਖਾਂਦੇ ਵੀ ਤਾਂ ਨੇ ਪਕਾਉਣ ਵਿਚ ਕੀ ਹਰਜ ਐ" ਕੰਵਲ ਨੇ ਤਵੇ ਉਪਰਲੀ, ਰੋਟੀ ਥਲਦਿਆਂ ਕਿਹਾ।

ਨਮਾਰ ਦੇ ਮੰਜੇ ਉਤੇ ਨਵੀਂ ਚਤੱਹੀ ਵਿਛਾ ਦਿਤੀ ਗਈ।

ਕਿਰਨ ਦਾ ਘਰ ਵਾਲਾ ਬੈਠ ਗਿਆ। ਨਾਈਆਂ ਦਾ ਮੁੰਡਾ ਪਿੱਛੇ ਖੜੋ ਕੇ ਉਸ ਨੂੰ ਪੱਖਾ ਝੱਲਣ ਲੱਗ ਪਿਆ।

ਕਿਰਨ ਕੰਵਲ ਦੇ ਕੋਲ ਹੀ ਪੀਹੜੀ ਉੱਤੇ ਬੈਠ ਗਈ।

"ਬਿਜਲੀ ਨੀ ਏਥੇ ?" ਕਿਰਨ ਤੋਂ ਉਂਜ ਹੀ ਪੁੱਛਿਆ ਗਿਆ ਭਾਵੇਂ ਉਸ ਨੇ ਪਿਛੋਂ ਮਹਿਸੂਸ ਕੀਤਾ ਉਸ ਨੂੰ ਨਹੀਂ ਸੀ ਪੁੱਛਣਾ ਚਾਹੀਦਾ।

"ਖੂਹ ਉਤੇ ਤਾਂ ਹੈ ਘਰ ਅਜੇ ਲਗਵਾਉਣੀਐ। ਖ਼ਾਸ ਲੋੜ ਵੀ ਨਹੀਂ ਪੈਂਦੀ ਸਾਰਾ ਕੰਮ ਦਿਨ ਖੜ੍ਹੇ ਈ ਮੁਕਾ ਲਈ ਦਾ ਐ।"

"ਪੜ੍ਹਦੇ ਪੁੜ੍ਹਦੇ ਨੀ ਰਾਤ ਨੂੰ ?" ਕਿਰਨ ਦੇ ਘਰ ਵਾਲੇ ਨੇ ਆਪਣੀ

ਐਨਕ ਠੀਕ ਕਰਦਿਆਂ ਪੁੱਛਿਆ ।

"ਬਥੇਰਾ ਪੜ੍ਹ ਲਿਆ । ਸੋਲਾਂ ਜਮਾਤਾਂ ਕਿਤੇ ਥੋੜੀਆਂ ਹੁੰਦੀਆਂ ਨੇ । ਹੋਰ ਕੀ ਦੀਦੇ ਗਾਲਣੇ ਨੇ" ਕੰਵਲ ਦੀ ਥਾਂ ਉਸ ਦੀ ਸੱਸ ਨੇ ਦੁੱਧ ਵਿਚ ਪੱਕਾ ਮਿੱਠਾ ਪਾਉਂਦੀ ਨੇ ਜਵਾਬ ਦਿਤਾ ।

"ਅਸੀਂ ਦੁੱਧ ਨੀ ਕਦੇ ਪੀਤਾ ਮਾਸੀ ਜੀ ਚਾਹ ਹੀ ਪੀ ਲਵਾਂਗੇ" ਕਿਰਨ ਬੋਲੀ ।

"ਲੈ ਚਾਹ ਦਾ ਵੀ ਕੋਈ ਪੀਣ ਐ, ਢਿੱਡ ਫੂਕਣੀ ਦਾ । ਹੋਇਆ ਕਿਸੇ ਮੇਰੇ ਅਰਗੇ ਬੁੜ੍ਹੇ ਠੇਰੇ ਨੇ ਵੇਲੇ ਕੁਵੇਲੇ ਪੀਲੀ । ਨਾਲੇ ਆਪਾਂ ਦੁੱਧ ਕਿਹੜਾ ਮੁੱਲ ਲੈਣ ਜਾਣਾ ਐਂ ਸੁਖ ਨਾਲ ਤਿੰਨ ਲਵੇਰੀਆਂ ਨੇ" ਕੰਗਣੀ ਵਾਲੇ ਵੱਡੇ ਵੱਡੇ ਗਲਾਸ ਦੁੱਧ ਦੇ ਭਰ ਕੇ ਉਹਨਾਂ ਦੇ ਅੱਗੇ ਧਰਦੀ ਕੰਵਲ ਦੀ ਸੱਸ ਬੋਲੀ ।

ਉਹ ਮੁਤਰ ਮੁਤਰ ਇਕ ਦੂਜੇ ਵੱਲ ਝਾਕਣ ਲੱਗੇ ।

ਰੋਟੀ ਪਕਾ ਕੇ ਕੰਵਲ ਨੇ ਆਏ ਮਹਿਮਾਨਾਂ ਕਰਕੇ ਪਰਸ਼ਾਦ ਬਣਾਇਆ, ਆਲੂਆਂ ਦੀ ਭਾਜੀ ਬਣਾਈ ।

ਇੰਨੇ ਨੂੰ ਉਹੀ ਸਿਓ ਵਰਗਾ ਮੁੰਡਾ ਆਏ ਮਹਿਮਾਨਾਂ ਵੱਲ ਕਣੱਖਾ ਝਾਕਦਾ ਪਿਛਲੇ ਪਾਸਿਓਂ ਕੰਵਲ ਦੇ ਗਲ ਨੂੰ ਚੰਬੜ ਗਿਆ ।

ਕੰਵਲ ਨੇ ਹਟਾਇਆ ਨਹੀਂ । ਝਿੜਕਿਆ ਨਹੀਂ ।

"ਉਠ ਪੁੱਤ ਭਾਜੀ 'ਚ ਕੜਛੀ ਮੈਂ ਫੇਰਦੀ ਆਂ ਤੂੰ ਭਿੰਦਰ ਨੂੰ ਰੋਟੀ ਖੁਆ ਦੇ । ਇਹੋ ਜਾ ਵਿਗੜਿਐ, ਕੰਵਲ ਤੋਂ ਬਿਨਾਂ ਕਿਸੇ ਤੋਂ ਰੋਟੀ ਕਿਹੜਾ ਖਾਂਦਾ ਐ ।" ਕੰਵਲ ਦੀ ਸੱਸ ਨੇ ਪਹਿਲੀ ਗੱਲ ਕੰਵਲ ਤੇ ਦੂਜੀ ਕਿਰਨ ਹੋਰਾਂ ਨੂੰ ਆਖੀ ।

ਕੰਵਲ ਬੱਚੇ ਨਾਲ ਬੱਚੇ ਜਿੱਡੀਆਂ ਜਿੱਡੀਆਂ ਹੀ ਗੱਲਾਂ ਕਰਦੀ ਉਸ ਨੂੰ ਰੋਟੀ ਖਵਾਂਦੀ ਰਹੀ । ਉਸ ਨੂੰ ਸ਼ਾਇਦ ਚੇਤਾ ਹੀ ਭੁੱਲ ਗਿਆ ਸੀ ਕਿ ਕਿਰਨ ਤੇ ਉਸ ਦਾ ਘਰ ਵਾਲਾ ਉਸ ਵਲ ਬੜੇ ਧਿਆਨ ਨਾਲ ਦੇਖ ਰਹੇ ਹਨ ।

ਮਹਿਮਾਨਾਂ ਨੂੰ ਰੋਟੀ ਖਵਾ ਕੰਵਲ ਖੇਤ ਰੋਟੀ ਦੇਣ ਤੁਰ ਪਈ ।

"ਐਉਂ ਕਰ ਪੁੱਤ ਰੋਟੀ ਅੱਜ ਮੈਂ ਫੜਾ ਆਉਨੀ ਆਂ" ਉਸ ਦੀ ਸੱਸ ਨੇ ਕਿਹਾ ।

"ਕਿਹੜਾ ਦੂਰ ਜਾਣਾ ਐ ਮੈਂ ਹੁਣੇ ਆਈ" ਆਖ ਕੰਵਲ ਲੱਸੀ ਦੀ ਬਲਣੀ ਉਤੇ ਪੌਣੇ ਵਿਚ ਬੰਨ੍ਹੀਆਂ ਰੋਟੀਆਂ ਉਤੇ ਕੌਲੇ ਵਿਚ ਸਬਜ਼ੀ ਪਾਈ ਖੇਤ ਨੂੰ ਤੁਰ ਪਈ ।

ਰੋਟੀ ਦੇ ਕੇ ਆਉਂਦੀ ਕੰਵਲ ਦੇ ਨਾਲ ਹਰਨੇਕ ਵੀ ਘਰ ਆ ਗਿਆ ।

ਕਿਰਨ ਦੇ ਘਰ ਵਾਲੇ ਨਾਲ ਹੱਥ ਮਿਲਾ, ਕਿਰਨ ਦੇ ਮੋਢੇ ਉਤੇ ਪੋਲਾ ਜਿਹਾ ਧੱਫਾ ਮਾਰ ਉਹ ਇਹ ਆਖ ਕੇ ਨਹਾਉਣ ਚਲਿਆ ਗਿਆ ਕਿ "ਯਾਰ ਮੈਂ ਥੋਡੇ ਕੋਲ ਬੈਠਣ ਜੋਗਾ ਤਾਂ ਹੋ ਆਂਮਾ ।"

ਨਹਾ ਕੇ ਕਪੜੇ ਬਦਲ ਕੇ ਜਦੋਂ ਉਹ ਆਇਆ ਤਾਂ ਹਰਨੇਕ ਨੂੰ ਲੱਗਿਆ ਉਸ ਦਾ ਜੀਜਾ ਕਿੱਡਾ ਸੁਹਣਾ ਹੈ ।

"ਆ ਜੋ ਜੀ ਅੱਜ ਆਪਾਂ ਵੀ ਕੱਠੇ ਬੈਠ ਕੇ ਰੋਟੀ ਖਾਈਏ ਨਹੀਂ ਤਾਂ ਸ਼ਹਿਰੀ ਆਖਣਗੇ ਇਹਨਾਂ ਦਾ ਆਪਸ 'ਚ ਪਿਆਰ ਈ ਨੀ" ਹਰਨੇਕ ਨੇ ਕੰਵਲ ਨੂੰ ਮਖ਼ੌਲ ਕੀਤਾ ।

ਕੰਵਲ ਹੱਸ ਕੇ ਚੁੱਪ ਕਰ ਰਹੀ ।

"ਕਿਉਂ ਕਿਰਨ ਕੰਵਲ ਤਕੜੀ ਹੋਈ ਨੀ ਲਗਦੀ ਅੱਗੇ ਨਾਲੋਂ ?" ਹਰਨੇਕ ਨੇ ਪੁੱਛਿਆ ।

"ਵੇ ਫੋਟ ਹੋਰ ਨਾ ਨਜ਼ਰ ਲਾਦੀਂ ਜੁਆਕੜੀ ਨੂੰ" ਕੰਵਲ ਦੀ ਸੱਸ ਭਿੰਦਰ ਦੇ ਵਾਲ ਵਾਹੁੰਦੀ ਵਿਚੋਂ ਹੀ ਬੋਲ ਪਈ ।

"ਚੰਗਾ ਹੋਇਆ ਤੁਸੀਂ ਆਪ ਈ ਆ ਗੇ ਨਹੀਂ ਤਾਂ ਮੈਂ ਤੁਹਾਡੇ ਕੋਲ ਤੇ ਮਧੂ ਦੇ ਘਰ ਵਾਲੇ ਬਲਬੀਰ ਕੋਲ ਜਾ ਕੇ ਆਉਂਣਾ ਸੀ । ਸ਼ੁਕਰੀਆ ਕਰਨਾ ਸੀ" ਹਰਨੇਕ ਨੇ ਕਿਰਨ ਦੇ ਘਰ ਵਾਲੇ ਨੂੰ ਕਿਹਾ ।

"ਸ਼ੁਕਰੀਆ ਕਾਸਦਾ ?"

ਏਹੀ ਬਈ ਥੋਡਾ ਦੋਹਾਂ ਦਾ ਤੇਰਾ ਤੇ ਬਲਬੀਰ ਦਾ ਮੇਰੇ ਨਾਲੋਂ ਪਹਿਲਾਂ ਵਿਆਹ ਹੋਇਆ ਸੀ ਜੇ ਕਿਤੇ ਕੋਈ ਕੰਵਲ ਨੂੰ ਵਿਆਹ ਕੇ ਲੈ ਜਾਂਦਾ ਮੈਂ ਤਾਂ ਪੱਟਿਆ ਜਾਣਾ ਸੀ ।"

ਸਭ ਹੱਸ ਪਏ ।

"ਬੇ ਜੀ ਆਖਦੇ ਸੀ ਤੁਸੀਂ ਕੰਵਲ ਭੈਣ ਜੀ ਨੂੰ ਪਟਿਆਲੇ ਨੀ ਆਉਣ ਦਿੰਦੇ ?" ਕਿਰਨ ਬੋਲੀ ।

"ਮਾਂ ਤਾਂ ਬਥੇਰਾ ਆਖਦਾਂ ਬਈ ਮੇਰੇ ਸਹੁਰੀਂ ਚੱਲੀਏ, ਕੰਵਲ ਮੰਨਦੀਓ ਨੀ" ਹਰਨੇਕ ਨੇ ਫਿਰ ਮਜ਼ਾਕ ਕੀਤਾ ।

"ਜੀਤੂ ਆਇਆ ਨੀ ਮੁੜ ਕੇ ?" ਕੰਵਲ ਨੇ ਪੁੱਛਿਆ ।

"ਨਹੀਂ ਆਇਆ ਨੀ ਬੇ ਜੀ ਸਗੋਂ ਬੜਾ ਫ਼ਿਕਰ ਕਰਦੇ ਸੀ" ਕਿਰਨ ਨੇ ਦੱਸਿਆ ।

"ਜੀਤੂ ਕੌਣ ਐ ?" ਹਰਨੇਕ ਨੇ ਪੁੱਛਿਆ ।

"ਨੌਕਰ ਸੀ ਸਾਡਾ" ਕਿਰਨ ਨੇ ਦੱਸਿਆ ।

"ਹਾਂ ਬੇਜੀ ਨੂੰ ਔਖ ਹੋ ਗਿਆ ਹੋਣਾ ਏ, ਕੰਵਲ ਨੂੰ ਤਾਂ ਭਲਾ ਮੈਂ ਥਿਆ ਗਿਆਂ ਜੀਤੂ ਦੀ ਥਾਂ ਨੌਕਰ" ਹਰਨੇਕ ਨੇ ਫਿਰ ਮਜ਼ਾਕ ਕੀਤਾ ।

"ਵਾਹ ਜੀਜਾ ਜੀ ਰੋਟੀ ਤਾਂ ਸਾਡੇ ਆਉਂਦਿਆਂ ਨੂੰ ਸਗੋਂ ਕੰਵਲ ਭੈਣ ਜੀ ਪਕਾ ਰਹੇ ਸੀ ।"

"ਕੰਮ ਤੋਂ ਬਿਨਾਂ ਏਸਦਾ ਜੀ ਨੀ ਲਗਦਾ । ਏਸ ਤੋਂ ਡਰਦਾ ਈ ਤਾਂ ਮੈਂ ਸਾਰਾ ਦਿਨ ਕੰਮ ਲੱਗਿਆ ਰਹਿਨਾਂ ।"

"ਕੰਮ ਤਾਂ ਬੰਦੇ ਦੇ ਕਰਮ ਹੁੰਦੇ ਨੇ । ਜਿੱਦਣ ਦੀ ਸਤਿਆਮਾਨ ਮੇਰੇ ਘਰ ਆਈ ਐ ਘਰ ਦੀ ਜਾਣੋਂ ਕਾਇਆਂ ਈ ਪਲਟਤੀ । ਲੋਕ ਡਰਾਉਂਦੇ ਸੀ ਅਖੇ ਪੜ੍ਹੀ ਹੋਈ ਐ ਬੁੜ੍ਹੀਏ ਤੈਨੂੰ ਤਾਂ ਕਉਂ ਡਾਰਨੀ ਬਣਾ ਕੇ ਬਠਾਦੂ ਗੀ । ਪਰ ਮੂੰਹ ਤੇ ਕੀ ਤੀ ਵਡਿਆਈ ਨੀ ਮੈਂ ਤਾਂ ਆਖਦੀਆਂ ਏ ਹੋ ਜੀਆਂ ਘਰ ਘਰ ਨੀਂ ਤਾਂ ਕੁਲ ਕੁਲ ਤਾਂ ਜ਼ਰੂਰ ਹੋਣ" ਕੰਵਲ ਦੀ ਸੱਸ ਬੋਲੀ ।

ਕੰਵਲ ਇਕ ਪਾਸੇ ਬੈਠੀ ਹਰਨੇਕ ਦੇ ਕਮੀਜ਼ ਨੂੰ ਬਟਣ ਲਾ ਰਹੀ ਸੀ ।

"ਕੁੜੇ ਬਹੂ ਕੰਮਲਕੁਰੇ ਘਰੇ ਈ ਐਂ ?" ਬਾਹਰੋਂ ਆਉਂਦੀ ਇਕ ਅਧਖੜ ਜਿਹੀ ਜ਼ਨਾਨੀ ਜਿਸ ਨੇ ਗੋਦੀ ਜੁਆਕ ਚੁਕਿਆ ਹੋਇਆ ਸੀ ਨੇ ਅਵਾਜ਼ ਦਿਤੀ।

"ਲੈ ਆਗੀ ਕੰਮਲਕੁਰ ਦੀ ਸਹੇਲੀ" ਹਰਨੇਕ ਨੇ ਹੌਲੀ ਦੇ ਕੇ ਮਜ਼ਾਕ ਕੀਤਾ।

"ਆਹੋ ਬੇਬੇ ਮੱਥਾ ਟੇਕਦੀਆਂ ਲੰਘ ਆ" ਕੰਵਲ ਬੋਲੀ।

"ਕੁੜੇ ਜੀਉਂਦੀ ਵਸਦੀ ਰਹਿ, ਰੱਬ ਤੈਨੂੰ ਘਰ ਦੇ ਭਾਗ ਲਾਵੇ, ਬੱਚਾ ਦੇਵੇ, ਬੁਢ ਸੁਹਾਗਣ ਹੋਮੇ......ਅੱਛਾ ਹੈ......ਫੇਰ ਆਜੂੰ ਜੇ ਪਰਾਹੁਣੇ ਆਏ ਹੋਏ ਨੇ" ਅੰਦਰ ਆ ਕੇ ਕਿਰਨ ਹੋਰਾਂ ਵੱਲ ਦੇਖ ਕੇ ਉਹ ਬੋਲੀ।

"ਕੋਈ ਨੀ ਪਾ ਦਿੰਨੀ ਆਂ ਦਵਾਈ" ਆਖ ਕੰਵਲ ਅਲਮਾਰੀ ਵਿਚੋਂ ਅੱਖਾਂ ਦੀ ਦਵਾਈ ਦੀ ਸ਼ੀਸ਼ੀ ਚੁੱਕ ਲਿਆਈ।

ਜ਼ਨਾਨੀ ਨੇ ਬੈਠ ਕੇ ਬੱਚਾ ਆਪਣੇ ਗੋਡਿਆਂ ਉਤੇ ਪਾ ਲਿਆ ਤੇ ਅੱਖਾਂ ਪੱਟ ਕੇ ਕੰਵਲ ਤੋਂ ਡਰਾਪਰ ਨਾਲ ਦਵਾਈ ਪਵਾਈ।

"ਜੀਉਂਦੀ ਵਸਦੀ ਰਹਿ ਨਹੀਂ ਤਾਂ ਤਿੰਨ ਕੋਹ ਤੁਰ ਕੇ ਡਾਕਖ਼ਾਨੇ ਜਾਣਾ ਪੈਣਾ ਸੀ ਦਾਰੂ ਪੁਆਉਣ। ਉਥੇ ਵੀ ਪਾਣੀ ਜਾ ਛ੍ਹਹਾ ਦਿੰਦੇ ਨੇ ਰਾਮ ਰੂਮ ਫੇਰ ਵੀ ਨੀ ਆਉਂਦਾ। ਕੱਲ੍ਹ ਤਾਂ ਜਮਾਂ ਈ ਨੀ ਸੀ ਖੁਲ੍ਹਦੀਆਂ ਅੱਜ ਤਾਂ ਚਰਾਗਾਂ ਵਾਗੂੰ ਖੁੱਲ੍ਹਗੀਆਂ। ਬਲਾ ਈ ਚੰਗੀ ਐ ਦਾਰੂ ਤੇਰੀ। ਜਾ ਤੇਰੇ ਹੱਥ ਜਸ ਐ ਭਾਮੇਂ ਸੁਆਹ ਦੀ ਚੁਟਕੀ ਦੇ ਦੇ ਫਟ ਰਾਮ ਆ ਜਾਂਦੈ" ਆਖਦੀ ਉਹ ਜਨਾਨੀ ਆਏ ਮਹਿਮਾਨਾਂ ਕਰਕੇ ਉਦੋਂ ਹੀ ਮੁੜ ਗਈ।

"ਮੇਰਾ ਜੀ ਡਾਕਟਰਨੀ ਜੀ ਢਿੱਡ ਦੁਖਦੈ ਦੇਖਿਓ ਤਾਂ ਆ ਕੇ" ਹਰਨੇਕ ਨੇ ਆਪਣੇ ਢਿੱਡ ਤੋਂ ਕਮੀਜ਼ ਚੁਕਦਿਆਂ ਫਿਰ ਕੰਵਲ ਨੂੰ ਮਜ਼ਾਕ ਕੀਤਾ।

"ਵੇ ਕਾਕਾ ਗ਼ਰੀਬ ਗੁਰਬਾ ਸੌ ਸੌ ਸੀਸਾਂ ਦਿੰਦੈ ਆਪਣਾ ਕੀ ਜਾਂਦੈ" ਕੰਵਲ ਦੀ ਸੱਸ ਬੋਲੀ।

"ਨੀ ਭਾਬੀ ਕੰਮਲਕੁਰੇ ਫੁੱਲ ਅੱਜ ਈ ਲੀਕ ਦੇਂਗੀ ਆਮਾਂ ?" ਕੰਧ ਉੱਤੋਂ ਦੀ ਹੀ ਗਵਾਂਢੀਆਂ ਦੀ ਕੁੜੀ ਨੇ ਹਾਕ ਮਾਰ ਕੇ ਪੁੱਛਿਆ।

"ਗਿਆਨੋ ਅੱਜ ਪੁੱਤ ਪਰਾਹੁਣੇ ਆਏ ਹੋਏ ਨੇ ਭਾਬੀ ਤੇਰੀ ਵੇਹਲੀ ਨੀ" ਕੰਵਲ ਦੀ ਸੱਸ ਬੋਲੀ।

"ਕੋਈ ਨੀ ਮਾਂ ਜੀ ਕਹਿਦੇ ਆਜੇ ਉਸ ਨੂੰ ਕਿਹੜਾ ਬਹੁਤਾ ਚਿਰ ਲੱਗਣਾ ਐ ਕਾਰਬਨ ਪੇਪਰ ਰੱਖ ਕੇ ਕਿਰਨ ਈ ਉਕਰ ਦੇਊਗੀ ਫੁੱਲ" ਕੰਵਲ ਬੋਲੀ।

"ਆਜਾ ਫੇਰ ਗਿਆਨੋ" ਕੰਵਲ ਦੀ ਸੱਸ ਨੇ ਹਾਕ ਮਾਰੀ।

ਕੰਵਲ ਦੀ ਥਾਂ ਕਿਰਨ ਨੇ ਗਿਆਨੋ ਦੀ ਚਾਦਰ ਉਤੇ ਫੁੱਲ ਉਕਰ ਦਿਤੇ। ਗਿਆਨੋਂ ਮੁੜ ਮੁੜ ਆਏ ਮਹਿਮਾਨਾਂ ਵਲ ਦੇਖਦੀ ਰਹੀ। ਫੇਰੀ ਹੌਲੀ ਦੇਕੇ ਉਹ ਕੰਵਲ ਦੇ ਕੰਨ ਕੋਲ ਜਾ ਕੇ ਬੋਲੀ "ਨੀ ਭਾਬੀ ਤੇਰੀ ਭੈਣ ਤਾਂ ਬਾਹਲੀਓ ਸੁਹਣੀਐ। ਊਂ ਤਾਂ ਤੂੰ ਵੀ ਸੁਹਣੀਓ ਐਂ।"

ਕੰਵਲ ਹੱਸ ਕੇ ਚੁੱਪ ਕਰ ਰਹੀ।

"ਆਓ ਤੁਹਾਨੂੰ ਆਪਣੇ ਖੇਤ ਵਿਖਾ ਕੇ ਲਿਆਵਾਂ" ਆਥਣੇ ਕੰਵਲ ਨੇ ਕਿਰਨ ਹੋਰਾਂ ਨੂੰ ਆਖਿਆ।

"ਮੈਂ ਵੀ ਨਾਲ ਆ ਜਾਂ ਸਰਦਾਰਨੀ ?" ਹਰਨੇਕ ਨੇ ਫਿਰ ਕੰਵਲ ਨੂੰ ਮਜ਼ਾਕ ਕੀਤਾ।

"ਨਹੀਂ ਜੀ ਤੁਸੀਂ ਘਰ ਰੋਟੀ ਪਕਾਓ ?" ਕੰਵਲ ਦੀ ਥਾਂ ਕਿਰਨ ਬੋਲੀ।

"ਇਹ ਸ਼ਹਿਰੀ ਰਿਵਾਜ ਜੀ ਸਾਡੇ ਨੀ, ਬਈ ਵਹੁਟੀ ਸਿਨਮਾਂ ਜਾਵੇ ਤੇ ਘਰ ਵਾਲਾ ਜੁਆਕ ਖਿਡਾਵੇ" ਹਰਨੇਕ ਬੋਲਿਆ।

"ਉਹਨਾਂ ਨੂੰ ਬਾਹਰ ਜਾਂਦੇ ਦੇਖ ਸਿਓ ਵਰਗਾ ਮੁੰਡਾ ਭੱਜ ਕੇ ਕੰਵਲ ਦੀਆਂ ਲੱਤਾਂ ਨੂੰ ਆ ਚੰਬੜਿਆ।

ਕੰਵਲ ਨੇ ਗੋਦੀ ਚੁੱਕ ਲਿਆ।

"ਆਜਾ ਮੇਰੀ ਡੱਡ ਆਪਾਂ ਘਰੇ ਰਹਾਂਗੇ, ਕਿੱਥੇ ਜੁਆਕੜੀ ਚੱਕੀਂ ਫਿਰੂਗੀ ਏਡੇ ਸਾਰੇ ਨੂੰ" ਕੰਵਲ ਦੀ ਸੱਸ ਨੇ ਮੁੰਡੇ ਨੂੰ ਫੜਦੀ ਨੇ ਕਿਹਾ।

ਮੁੰਡਾ ਹੋਰ ਚੰਗੀ ਤਰ੍ਹਾਂ ਕੰਵਲ ਦੇ ਗਲ ਨੂੰ ਚੰਬੜ ਗਿਆ।

"ਚਲੋ ਨਾਲ ਹੀ ਲੈ ਜਾਨੀਆਂ" ਕੰਵਲ ਬੋਲੀ।

"ਉੱਤਰ ਓਏ ਕੰਜਰ ਦਿਆ ਪੁੱਤਾ ਮੇਰੀ ਵਹੁਟੀ ਨੂੰ ਤੰਗ ਕਰਨ ਲਗਿਐਂ" ਹਰਨੇਕ ਨੇ ਮੁੰਡੇ ਨੂੰ ਘੁਰਕੀ ਦਿਤੀ।

"ਨਾਈ ਮੇਲੀਐ" ਮੁੰਡਾ ਆਪਣਾ ਹੱਕ ਜਮਾਉਂਦਾ ਰੋਅਬ ਨਾਲ ਬੋਲਿਆ।

ਸਭ ਹੱਸ ਪਏ।

ਖੇਤ ਵਿਚ ਟਿਊਬਵੈੱਲ ਚੱਲ ਰਿਹਾ ਸੀ। ਪੱਕੀਆਂ, ਨਿਸਰੀਆਂ ਬੱਲੀਆਂ ਦੇ ਭਾਰ ਨਾਲ ਲਿਫ ਲਿਫ ਜਾਂਦੀ ਸੋਨੇ ਰੰਗੀ ਕਣਕ ਉਤੇ ਹਵਾ ਨਾਲ ਲਹਿਰੀਏ ਪੈ ਰਹੇ ਸਨ।

ਕਿਰਨ ਨੇ ਦੇਖਿਆ ਸੋਨੇ ਰੰਗੀ ਕਣਕ ਖੇਤੀ ਵਿਚ ਹੀ ਨਹੀਂ ਕੰਵਲ ਦੀਆਂ ਅੱਖਾਂ ਵਿਚ ਵੀ ਝੂਮ ਰਹੀ ਸੀ।

"ਨਹਾਉਣਾ ਐ ?" ਕੰਵਲ ਨੇ ਕਿਰਨ ਤੋਂ ਪੁੱਛਿਆ।

ਉਹ ਜੱਕੋ ਤੱਕ ਵਿਚ ਪੈ ਗਈ।

"ਮੈਂ ਤਾਂ ਚੁੰਨੀ ਵਲ੍ਹੇਟ ਕੇ ਨਹਾ ਲੈਂਦੀ ਹੁੰਦੀਆਂ। ਅਪਣਾ ਈ ਤਾਂ ਖੂਹ ਐ ਕਿਹੜਾ ਕਿਸੇ ਓਪਰੇ ਬੰਦੇ ਨੇ ਆਉਣਾ ਹੁੰਦੈ" ਕੰਵਲ ਨੇ ਦੱਸਿਆ।

ਕਿਰਨ ਨਹਾਤੀ ਤਾਂ ਕੋਈ ਨਾ, ਪਰ ਚਾਂਦੀ ਰੰਗੇ ਪਾਣੀ ਨੂੰ ਹੱਥਾਂ ਵਿਚ ਫੜਨ ਦੀ ਖੇਡ ਖੇਡਦੀ ਰਹੀ।

"ਸਬਜ਼ੀ ਵੀ ਲੈ ਚੱਲੀਏ" ਆਖ ਕੰਵਲ ਤੂਤ ਉਤੇ ਚੜ੍ਹੀ ਹਰੀ ਕਚੂਰ ਬੇਲ ਨਾਲੋਂ ਕੱਦੂ ਤੋੜਨ ਲੱਗ ਪਈ।

"ਅਸੀਂ ਵੀ ਸਹਾਇਤਾ ਕਰੀਏ ਮੋੜੀਆਂ ਵਾਲਿਓ" ਕਿਰਨ ਦੇ ਘਰ ਵਾਲੇ ਨੇ ਬੂਟ ਵਿਚੋਂ ਰੇਤਾ ਝਾੜਦੇ ਨੇ ਪੁੱਛਿਆ।

"ਤੁਸੀਂ ਸਾਹਮਣੀ ਕਿਆਰੀ ਵਿਚੋਂ ਗੰਢੇ ਪੱਟ ਲਿਆਓ।" ਕੰਵਲ ਨੇ ਹੱਸ ਕੇ ਕਿਹਾ।

"ਮੈਂ ਪੱਟ ਲਿਆਉਂਨੀਆਂ" ਕਿਰਨ ਨੇ ਰੁਮਾਲ ਨਾਲ ਹੱਥ ਪੂੰਝਦੀ

ਨੇ ਕਿਹਾ ।

"ਤੂੰ ਹੋ ਜਿਥੇ ਤੇਰੇ ਜੀਜਾ ਜੀ ਫਿਰਦੇ ਨੇ ਉਥੋਂ ਬਾਰਾਂ ਮਾਸੀਏ ਨੇਂਬੂ ਦੇ ਬੂਟੇ ਤੋਂ ਦੋ ਕੁ ਨੇਂਬੂ ਤੋੜ ਲਿਆ ।"

ਹਰਨੇਕ ਖ਼ਰਬੂਜਿਆਂ ਨਾਲ ਸਾਫ਼ੀ ਭਰੀ ਆ ਰਿਹਾ ਸੀ ।

"ਕਮਾਲ ਐ ਸਭ ਕੁਝ ਘਰ ਈ ਬੀਜ ਰੱਖਿਐ । ਅਗੇਤੇ ਈ ਖ਼ਰਬੂਜੇ ਹੋਏ ਪਏ ਨੇ ਏਥੇ ਤਾਂ" ਕਿਰਨ ਖ਼ੁਸ਼ ਹੋ ਕੇ ਬੋਲੀ ।

"ਹੋਰ ਕੀ ਸੀ, ਆਪਣੀ ਬੇਗ਼ਮ ਖ਼ਾਤਰ ਹਰ ਚੀਜ਼ ਹਾਜ਼ਰ ਕਰੀ ਦੀ ਐ" ਹਰਨੇਕ ਬੋਲਿਆ ।

"ਤੂੰ ਕਦੇ ਪਰ੍ਹਾਂ ਵੀ ਬਹਿ ਜਾਇਆ ਕਰ ਓਦੇ ਸੱਗੀ ਨਾਲ ਪਰਾਂਦਿਆ" ਹਰਨੇਕ ਨੇ ਸਿਓ ਵਰਗੇ ਮੁੰਡੇ ਨੂੰ ਕੰਵਲ ਦੇ ਮਗਰ ਮਗਰ ਤੁਰੇ ਫਿਰਦਿਆਂ ਦੇਖ ਕੇ ਕਿਹਾ ।

ਸਿਓ ਵਰਗੇ ਮੁੰਡੇ ਨੇ ਉਸ ਦੀ ਗੱਲ ਦੀ ਕੋਈ ਪਰਵਾਹ ਨਾ ਕੀਤੀ ।

"ਆ ਜੋ ਰਹਿਣ ਦਿਓ ਭਾਜੀਆਂ ਨੂੰ ਇਹ ਕੋਈ ਬਾਮ੍ਹਣ ਨੇ । ਆਥਣੇ ਮੁਰਗਾ ਸ਼ੁਰਗਾ ਬਣਾਮਾਂਗੇ" ਹਰਨੇਕ ਨੇ ਕੰਵਲ ਨੂੰ ਆਖਿਆ ।

"ਮੁਰਗੇ ਨੂੰ ਕਿਹੜਾ ਅਸੀਂ ਓਪਰੇ ਆ" ਕਿਰਨ ਬੋਲੀ ।

"ਓਪਰਿਆਂ ਨੂੰ ਕਿਹੜਾ ਮੁਰਗਾ ਖਲਾਉਂਦਾ ਐ । ਨਾਲੇ ਅਜ ਤੇਰੇ ਸਾਹਬ ਨੂੰ ਆਊਟ ਕਰਕੇ ਤੇਰੇ ਨਾਲ ਲੜਾਮਾਂਗੇ ।"

"ਇਹ ਤਾਂ ਪੀਂਦੇ ਈ ਨੀ ।"

"ਏਨਾ ਡਰਦਾ ਐ ਤੈਥੋਂ ? ਲੜਦੀ ਤਾਂ ਕੰਵਲ ਵੀ ਹੁੰਦੀ ਐ ਜਿੱਦਣ ਬਹੁਤੀ ਪੀ ਲਾਂ । ਪਰ ਮੈਂ ਕਹਿਨਾਂ ਕਮਲੀਏ ਖਬਰਨੀ ਕੇ ਦਿਨ ਆਂ ਜੱਗ ਤੇ । ਆਜਾ ਤੂੰ ਵੀ ਪੀ ਲੈ ਦੋ ਘੁੱਟਾਂ ਨਹੀਂ ਤਾਂ ਗਹਾਂ ਜਾਕੇ ਧਰਮਰਾਜ ਨੂੰ ਕੀ ਦੱਸੇਂਗੀ ਬਈ ਜੱਗ ਉੱਤੇ ਆ ਕੇ ਕੀ ਦੇਖਿਆ ।"

"ਚਲੋ ਚਲੀਏ ਜਾ ਕੇ ਧਾਰਾਂ ਕੱਢਣੀਆਂ ਨੇ" ਕੰਵਲ ਖਰਬੂਜ਼ਿਆਂ ਵਾਲੀ ਸਾਫੀ ਚੁਕਦੀ ਬੋਲੀ ।

"ਬਾਦਸਾਹੋ ਸਾਨੂੰ ਫੜਾਓ ਸਾਫੀ ਹੋਰ ਅਸੀਂ ਕਾਹਦੀ ਖਾਤਰ ਆਂ । ਨਾਲੇ ਗਾਈਂਆਂ, ਮੈਂਸਾਂ ਦਾ ਤਾ ਏਨਾ ਖਿਆਲ ਐ ਕਦੇ ਮੇਰਾ ਗਰੀਬ ਦਾ ਵੀ ਖਿਆਲ ਕਰ ਲਿਆ ਕਰੋ" ਹਰਨੇਕ ਕੰਵਲ ਦੇ ਹੱਥੋਂ ਖਰਬੂਜਿਆਂ ਵਾਲੀ ਸਾਫੀ ਫੜਦਾ ਬੋਲਿਆ ।

"ਚਲੋ ਕੰਵਲ ਭੈਣ ਜੀ ਪਟਿਆਲੇ ਲੈ ਚੱਲੀਏ" ਕਿਰਨ ਬੋਲੀ ।

"ਮੈਂ ਥੋਡੇ ਪੈਰੀਂ ਪੈਨਾ ਜੀ ਕਿਉਂ ਮੈਨੂੰ ਗਰੀਬ ਨੂੰ ਯਤੀਮ ਕਰਨ ਲੱਗੇ ਓ । ਸਾਡਾ ਤਾਂ ਏਸ ਬਿਨਾਂ ਬਿੰਦ ਨੀ ਸਰਦਾ । ਹਰਨੇਕ ਨੇ ਕਿਰਨ ਅੱਗੇ ਹੱਥ ਜੋੜ ਕੇ ਹੱਸ ਕੇ ਕਿਹਾ ।

"ਤੁਸੀਂ ਵੀ ਚੱਲੋ ਨਾਲ ।"

"ਛੀ ਸੱਤ ਸੀਰੀ, ਦਸ ਬਾਰਾਂ ਡੰਗਰ-ਪਸੂ, ਤਿੰਨ ਚਾਰ ਕੱਟਰੂ ਬੱਛਰੂ, ਇਕ ਸਾਡੀ ਬੁੜ੍ਹੀ, ਇਕ ਕੰਵਲ ਦਾ ਚਹੇਤਾ ਭਿੰਦਰ ਏਨਾਂ ਨੂੰ ਕਾਂਜੀਹੌਸ ਦੇ ਜਾਨੇਆਂ ਤੇ ਅਸੀਂ ਚਲਦੇ ਆਂ ਪਟਿਆਲੇ, ਹੈ ਨਾ ਕੰਵਲ" ਹਰਨੇਕ ਨੇ ਫਿਰ ਮਜਾਕ ਕੀਤਾ ।

"ਏਸ ਦਾ ਮਤਲਬ ਐ ਸਾਡੀ ਭੈਣ ਸਮਝੋ ਕੈਦ ਹੋ ਗੀ ਏਥੇ ਆਕੇ ?"

"ਕੈਦ ਤਾਂ ਜੀ ਸਗੋਂ ਅਸੀਂ ਹੋਗੇ । ਅੱਗੇ ਚਾਰ ਚਾਰ ਦਿਨ ਮੇਲੇ ਤੋਂ ਨੀ ਸੀ ਮੁੜੀਦਾ । ਹੁਣ ਜੀ ਸੌਂ ਕੇ ਵੀ ਇਕ ਅੱਖ ਖੁੱਲੀ ਰੱਖੀ ਦੀ ਐ । ਸੋਲਾਂ ਜਮਾਤਾਂ ਪੜੀ ਹੋਈ ਬਹੂ ਐ ਕੋਈ ਮਖੌਲ ਐ । ਰੱਬ ਨਾ ਕਰੇ ਜੇ ਚੋਰ ਲੈਗੇ ਮੈਂ ਤਾਂ ਪੱਟਿਆ ਜਾਊਂਗਾ ।"

ਰਾਤ ਨੂੰ ਜਦੋਂ ਹਰਨੇਕ ਤੇ ਕਿਰਨ ਦਾ ਘਰ ਵਾਲਾ ਉਪਰ ਚੁਬਾਰੇ ਵਿਚ ਬੈਠੇ ਘੁੱਟ ਘੁੱਟ ਪੀ ਰਹੇ ਸਨ ਤੇ ਕੰਵਲ ਦੀ ਸੱਸ ਹੱਟੀਓਂ ਕਿਰਨ ਹੋਰਾਂ ਨੂੰ ਦੇਣ ਲਈ ਲੀੜੇ ਲੈਣ ਗਈ ਹੋਈ ਸੀ ਤਾਂ ਕਿਰਨ ਨੇ ਬੜੇ ਰਾਜ਼ਦਾਨ ਤਰੀਕੇ ਨਾਲ ਹੌਲੀ ਦੇਕੇ ਕੰਵਲ ਨੂੰ ਪੁੱਛਿਆ "ਕੰਵਲ ਭੈਣ ਜੀ ਖੁਸ਼ ਤਾਂ ਹੋ ?"

ਕੰਵਲ ਇਉਂ ਹੱਸ ਪਈ ਜਿਵੇਂ ਕਿਰਨ ਨੇ ਕੋਈ ਝੱਲੀ ਜਿਹੀ ਗੱਲ ਕੀਤੀ ਹੋਵੇ ।

"ਇਕ ਦਿਨ ਪਟਿਆਲੇ ਕਿਤੋਂ ਤੁਹਾਡੀ ਟਰੰਕਕਾਲ ਆਈ ਸੀ । ਅਸੀਂ ਪੁੱਛ ਵੀ ਹਟੇ ਪਰ ਅਗਲੇ ਨੇ ਦੱਸਿਆ ਨਹੀਂ ਕਿਥੋਂ ਸੀ ਤੇ ਕੌਣ ਬੋਲ ਰਿਹਾ ਸੀ।

"ਹੋਣੀ ਏਂ" ਕੰਵਲ ਨੇ ਗੱਲ ਨਾਲੋਂ ਚੁੱਲੇ ਉਤੇ ਉਬਲਨੇ ਧਰੇ ਦੁੱਧ ਵੱਲ ਧਿਆਨ ਦਿੰਦਿਆਂ ਕਿਹਾ ।

"ਪ੍ਰੋ: ਅਮਰਜੀਤ ਸੁਣਿਆ ਏ ਵਲੈਤ ਚਲੇ ਗਏ ਨੇ ।"

"ਆਪਣੇ ਆਪ ਕੋਲੋਂ ਭੱਜ ਕੇ ? ਬਿਮਾਰ ਜਿਹਾ ਸਾਹਿਤ ਪੜ੍ਹ ਪੜ੍ਹ ਲੋਕ ਆਪ ਵੀ ਤੰਦਰੁਸਤ ਨਹੀਂ ਰਹਿ ਜਾਂਦੇ" ਇਹ ਗੱਲ ਕੰਵਲ ਨੇ ਇਉਂ ਆਖੀ ਜਿਵੇਂ ਕਿਰਨ ਦੀ ਥਾਂ ਉਹ ਆਪਣੇ ਆਪ ਨਾਲ ਗੱਲ ਕਰ ਰਹੀ ਹੋਵੇ ।

ਜੀ ਨਹੀਂ ਅਕਦਾ ਏਥੇ ਰੋਜ ਰੋਜ ਪਿੰਡ ਵਿਚ ਰਹਿ ਕੇ ?"

"ਹਰ ਰੋਜ ਪਿੰਡ ਉਹੀ ਤਾਂ ਨਹੀਂ ਹੁੰਦਾ । ਰੁੱਤਾਂ ਬਦਲਦੀਆਂ ਨੇ । ਰੁਤ ਰੁੱਤ ਦੀ ਆਪਣੀ ਫਸਲ ਹੁੰਦੀ ਏ । ਫਸਲਾਂ ਵਿਚ ਚਿੜੀ ਪਰਿੰਦੇ ਹੁੰਦੇ ਨੇ । ਦਰਖਤਾਂ ਦੇ ਪੱਤ ਝੜਦੇ ਨੇ । ਪੱਤ ਫੁਟਦੇ ਨੇ । ਲੋਕ ਮਰਦੇ ਨੇ । ਲੋਕ ਜੰਮਦੇ ਨੇ । ਜ਼ਿੰਦਗੀ ਤੁਰੀ ਜਾ ਰਹੀ ਏ । ਖੜ੍ਹੀ ਤਾਂ ਨਹੀ" ਕੰਵਲ ਨੇ ਜਿਵੇਂ ਕਿਧਰੋਂ ਦੂਰੋਂ ਉੱਤਰ ਦਿਤਾ ।

"ਕੰਵਲ ਭੈਣ ਜੀ ਸੱਚ ਸੱਚ ਦੱਸੋ ਖ਼ੁਸ਼ ਤਾਂ ਹੋ ?"

"ਮਨਜੀਤ ਮੈਨੂੰ ਸਮਝ ਨਹੀਂ ਆ ਰਹੀ ਤੂੰ ਕੀ ਪੁੱਛ ਰਹੀ ਏਂ ?"

ਅਗਲੇ ਦਿਨ ਕਿਰਨ ਤੇ ਉਸ ਦਾ ਘਰ ਵਾਲਾ ਜਦੋਂ ਜਾਣ ਲੱਗੇ ਕੰਵਲ ਨੇ ਏਨਾ ਹੀ ਆਖਿਆ "ਕਿਰਨ ਬੇ ਜੀ ਨੂੰ ਆਖੀਂ ਜੇ ਕਦੇ ਜੀਤੂ ਮੁੜ ਆਇਆ ਉਸ ਨੂੰ ਇਥੇ ਭੇਜ ਦੇਣ । ਉਥੇ ਉਸ ਦਾ ਹੁਣ ਬਹੁਤ ਮਨ ਨੀਂ ਲਗਦਾ ।"

"ਹੋਰ ਕੋਈ ਸੁਨੇਹਾ ?" ਕਿਰਨ ਨੇ ਉਤਾਵਲੇ ਮੂੰਹ ਨਾਲ ਪੁੱਛਿਆ ।

"ਪਰਤਾਪੀ ਰਾਜ਼ੀ ਐ ?"

"ਹਾਂ ।"

"ਇਕ ਜੀ ਮੇਰੀ ਵੀ ਬੇਨਤੀ ਐ ਏਹਨਾਂ ਨੂੰ ਆਖੋ ਮੈਨੂੰ ਬਹੁਤਾ ਝਿੜਕਿਆ ਨਾ ਕਰਨ" ਹਰਨੇਕ ਨੇ ਕੰਵਲ ਵੱਲ ਹੱਥ ਕਰਕੇ ਕਿਰਨ ਨੂੰ ਕਿਹਾ ।

# $ SAVE $

## SAVE MORE INCOME TAX THIS YR. ONWARDS

FOR REGISTERED RETIREMENT SAVING PLANS & ANY OTHER KIND OF LIFE, ACCIDENT, SICKNESS, MORTGAGE & CHILDREN INSURANCE PLANS, CALL



## RUPINDER S. AZAD

M. A., B. Ed.

OFFICE : 736-7431
RESIDENCE: 325-9077

of

SEA BOARD LIFE INSURANCE COMPANY

HEAD OFFICE : 1900-W. BROADWAY, VANCOUVER; B.C.

---

THERE'S LIFE AT MARS

## MARS REALTY LTD.

5467 VICTORIA DR., VANCOUVER, B.C.

327-8315



ਹਰ ਪਰਕਾਰ ਦੀ ਜਾਇਦਾਦ-
RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

## ਦਰਸ਼ਨ ਬਰਾੜ

*Darshan Brar*

*Res. 433-3334*

MORTGAGES – APPRAISALS – RENTALS – SALES

---

## ਜੌਹਨਸਟਨ'ਜ ਡਰਾਈਵਿੰਗ ਸਕੂਲ ਲਿਟਡ:

## Johnston's DRIVING SCHOOL Ltd.

8181-MAIN STREET
VANCOUVER.

FOR ADULTS :

**$ 13 per hour or 6 lessons for $75**

FOR STUDENTS :

**$ 10 per hour or 6 lessons for $ 50**

(professional instructions)

TEL. 324-7025

LITERARY & CULTURAL MONTHLY OF PANJABI

February 1974

THE WATNO DŪR

Post Box No. 1041 Coquitlam, B.C., Canada

SECOND CLASS MAIL
REGISTRATION NUMBER: 3233

T.V. Black & White -- Colour

Stereos — Car Stereos — Radio & Cassette Player — Clock Radio

SALES·SERVICE·RENTALS

# KR - TV

WORK GUARANTEED

BY CERTIFIED TECHNICIAN





HITACHI

100% Solid State





6674 Main St., Vancouver

321-6015

ਮਾਲਕ:
ਸ਼੍ਰੀ ਕੇ. ਐੱਮ. ਰੰਗੀ

੬੬੭੪-ਮੇਨ ਸਟਰੀਟ,ਵੈਨਕੋਵਰ

੩੨੧-੬੦੧੫